ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਅੰਮ੍ਰਿਤਸਰ

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

SEP 1989

ੴ ਸਤਿਗੁਰ ਪ੍ਰਸਾਦਿ ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥

ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

www.AKJ.Org

# ਤ ਤ ਕ ਰਾ


| | | |
|---|---|---|
| ਅਕਾਲੀ ਗੁਣਾਂ ਦੇ ਪਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਚਰਨ ਕਮਲ ਕੀ ਮਉਜ (੫) | ੪ | ,, ,, ,, |
| ਗੁਰਮਤਿ ਨਾਮ ਤੇ ਕਿਰਤਮ ਨਾਮ (੨) | ੧੦ | ,, ,, ,, |
| ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ | ੧੮ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸਤਿਗੁਰ ਬਚਨ ਬਚਨ ਹੈ ਸਤਿਗੁਰ | ੨੧ | ਸੂਬੇਦਾਰ ਧਰਮ ਸਿੰਘ ਜੀ |
| ਧਰਮ ਬਿਨੁ ਧਿਆਨੁ ? | ੨੪ | ਪ੍ਰਿੰਸੀਪਲ ਸਜਣ ਸਿੰਘ ਜੀ |
| ਅੰਮ੍ਰਿਤ ਵੇਲੇ ਦਾ ਸਮਾਂ | ੨੯ | ਭਾਈ ਰਾਮ ਸਿੰਘ ਜੀ |
| ਹੁਕਮ ਰਜ਼ਾ ਤੇ ਭਾਣਾ | ੩੦ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਰਾਮਦਾਸ ਸਰੋਵਰਿ ਨਾਤੇ (ਕਵਿਤਾ) | ੩੩ | ਸ: ਅਤਰ ਸਿੰਘ ਜੀ ਨੀਰ |
| ਭੂਰਿਆਂ ਵਾਲੇ ਰਾਜੇ ਕੀਤੇ (੨) | ੩੪ | ਕੈਪਟਿਨ ਸਵਰਨ ਸਿੰਘ ਜੀ |


ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ ੧ ਸਤੰਬਰ

| | | | |
|---|---|---|---|
| ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ | ੨ ਸਤੰਬਰ | ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ | ੩ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੧੩ ਸਤੰਬਰ | ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੧੫ ਸਤੰਬਰ |
| ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੧੯ ਸਤੰਬਰ | ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੨੪ ਸਤੰਬਰ |

---

'ਸੰਤ ਸਿਪਾਹੀ' ਜੁਲਾਈ ੮੯ ਵਿਚ ਭਾ: ਸਾ: ਰਣਧੀਰ ਸਿੰਘ ਜੀ ਬਾਰੇ ਬੇਬੁਨਿਆਦ ਤੇ ਅਯੋਗ ਟਿਪਣੀ ਅਤੇ ਗੁਰਬਾਣੀ ਦੀ ਵਰਤਦੀ ਪਾਰਸ-ਕਲਾ 'ਤੇ ਕਿੰਤੂ—ਇਸ ਸੰਬੰਧੀ ਲੇਖ ਆਉਂਦੇ 'ਸੂਰਾ' ਵਿਚ ਵੇਖੋ।

---

## "ਭੂਰਿਆਂ ਵਾਲੇ ਰਾਜੇ ਕੀਤੇ" ਲੇਖ ਜੁਲਾਈ ਸੂਰਾ ਵਿਚ ਸੋਧ

ਪੰਨਾ ੩੧ ਫੁਟ ਨੋਟ—ਜਨਮ ੧੬੮੦ ਈ: (੧੭੨੦ ਈ: ਗ਼ਲਤ)।

ਪੰਨਾ ੩੩, ਸਤਰ ੨੩—੧੭੧੦ ਤੋਂ ਲੈ ਕੇ(੧੭੨੦ ਗ਼ਲਤ) ਲੇਖਕ ਵਲੋਂ ਭੇਜਿਆ ਪੂਰਾ ਨੋਟ ਆਉਂਦੀ ਕਿਸ਼ਤ ਦੇ ਉਪਰ

---

## 'ਸੂਰਾ' ਮਾਸਕ ਪਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ. ਇਕਬਾਲ ਸਿੰਘ ਅੰਮ੍ਰਿਤਸਰ | ੧੦੦-੦੦ | Cpl ਕੁਲਦੀਪ ਸਿੰਘ ਬੰਗਲੌਰ | ੧੦੦-੦੦ |
| ਸ: ਦਰਸ਼ਨ ਸਿੰਘ ਦਰਸ | ੧੫੦-੦੦ | ਸ: ਸੁੱਚਾ ਸਿੰਘ, ਹਾਲੈਂਡ | ੧੭-੦੦ |
| ਸ: ਤਾਰਾ ਸਿੰਘ, ਚੰਡੀਗੜ੍ਹ ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | | | ੫੦੧-੦੦ |
| ਸਰਦਾਰਨੀ ਰਾਜਵੰਤ ਕੌਰ ਪਤੀ ਸ: ਕੁਲਵੰਤ ਸਿੰਘ ਜੀ ਦੀ ਯਾਦ ਵਿਚ | | | ੫੦੦-੦੦ |

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੯-੮੯ ਨੂੰ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
Foreign Subscription
Sea Mail 40-00
Air Mail 100-00
ਅਮਾਨਤੀ
ਲਾਈਫ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਸਤੰਬਰ ੧੯੯੯ ਅੰਕ ੯


## ਅਕਾਲੀ ਗੁਣਾਂ ਦੇ ਪਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ

ਸਤਿਗੁਰਾਂ ਨੇ ਅਕਾਲ ਪੁਰਖ ਦੇ ਗੁਣਾਂ ਨੂੰ ਪਰਤੱਖ ਪੇਖ ਕੇ ਹੀ ਉਨ੍ਹਾਂ ਦਾ ਪਰਤੱਖ ਉਤਾਰਾ ਗੁਰਬਾਣੀ ਦੇ ਸਰੂਪ ਵਿਚ ਉਤਾਰਿਆ ਹੈ। ਚਾਹੇ ਬੁੱਧੀ ਦੇ ਬੁੱਧੀਵਾਨਾਂ ਨੂੰ ਇਹ ਗੁਰਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਵਰਨਣ ਹੀ ਭਾਸੇ, ਪਰ ਵਾਸਤਵ ਵਿਚ ਤਾਂ ਇਹ ਗੁਰਬਾਣੀ ਰੂਪੀ ਗੁਣ, ਅਕਾਲ ਪੁਰਖ ਦੇ ਤੱਤ ਅੰਤਰੀਵ ਗੁਣ ਹੀ ਹਨ, ਜੋ ਸਰਬੱਗਯ, ਸਮਰੱਥਵਾਨ ਮਹਾਂ ਪੁਰਖ ਸਰਬੱਗ ਬੁੱਧੀ ਦੇ ਬੁਧੀਸ਼ਰਾਂ ਨੇ ਪਰਤੱਖ ਪੇਖੇ ਪਰਖੇ ਹਨ। ਤਿਨ੍ਹਾਂ ਦੇ ਨਿਕਟ ਅਕਾਲ ਪੁਰਖ ਦੇ ਲੁਪਤ ਗੁਪਤ ਗੁਣ (ਅਲਪੱਗ ਬੁਧੀਓਂ ਅਗੋਚਰ ਅਕਾਲੀ ਗੁਣ) ਸਾਖਸ਼ਾਤਕਾਰਤਾ ਦੀ ਸੱਤਤਾ-ਜਨਕ ਹਨ । ਜਿਹੇ ਅਕਾਲ ਪੁਰਖ ਵਿਚ ਹਨ ਤਿਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ। ਅਲਪੱਗ ਬੁਧੀ ਵਾਲਿਆਂ ਨੂੰ ਇਹ ਗੁਣ ਨਿਰਾ ਵਰਨਣ ਰੂਪ ਹੀ ਪ੍ਰਤੀਤ ਹੁੰਦੇ ਹਨ। ਇਨ੍ਹਾਂ ਸਰਬੱਗ ਅਕਾਲੀ ਗੁਣਾਂ ਦੀ ਸਪਰਸ਼ਤਾ ਨਾਲ ਬੁੱਧੀ ਅਲਪੱਗ ਤੋਂ ਸਰਬੱਗ ਹੋਇ ਆਵੰਦੀ ਹੈ ਅਤੇ ਸਰਬੱਗਤਾ ਪ੍ਰਾਪਤ ਕਰ ਕੇ ਇੰਨ ਬਿੰਨ ਸਾਖਸ਼ਾਤ ਹੀ ਤਿਨ੍ਹਾਂ ਅਕਾਲੀ ਗੁਣਾਂ ਨੂੰ ਅਕਾਲ ਪੁਰਖ ਦੇ ਅੰਤਰਗਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰਗਤ ਅਭੇਦ ਰੂਪ ਕਰਕੇ ਹੀ ਪੇਖਦੀ ਹੈ। ਜੈਸੇ ਕਿ ਪਾਣੀ ਜਿਨ੍ਹਾਂ ਨੇ ਪਰਸਿਆ ਹੈ ਤਿਨ੍ਹਾਂ ਨੂੰ ਠੰਡਾ ਪ੍ਰਤੀਤ ਹੋਇਆ ਹੈ। ਇਸੇ ਤਰ੍ਹਾਂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦੀ ਪਾਰਸਤਾ ਨੂੰ ਜਿਨ੍ਹਾਂ ਨੇ ਪਰਸਿਆ ਤੇ ਅਕਾਲ ਪੁਰਖ ਨੂੰ ਭੇਟਿਆ ਹੈ, ਤਿਨ੍ਹਾਂ ਨੂੰ ਹੀ ਵਾਸਤਵ ਵਿਚ ਅਕਾਲ ਪੁਰਖ ਠੰਡਾ, ਮਿੱਠਾ ਅਤੇ ਜੋਤਿ ਜੋਤੰਨਾ ਕਰਕੇ ਸਾਕਸ਼ਾਤ ਹੋਇਆ। ["ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ" ਪੁਸਤਕ ਵਿਚੋਂ




www.AKJ.Org

# ਚਰਨ ਕਮਲ ਕੀ ਮਉਜ (੫)

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

**ਚਰਨ ਕੰਵਲਾਂ ਦਾ ਪਰਤਾਪ–**

ਜਿਨ੍ਹਾਂ ਨੇ ਚਰਨ ਕੰਵਲਾਂ ਦੀ ਮਉਜ ਵਿਚ ਲਿਵ-ਧਿਆਨੀ ਹੋ ਕੇ ਦਸਮ ਦੁਆਰੀ ਸਿੰਘਾਸਨ ਉਤੇ ਆਪਣਾ ਆਸਨ ਜਾ ਜਮਾਇਆ ਹੈ, ਓਹ ਤ੍ਰੈ ਭਵਨਾਂ ਦੀ ਸੋਝੀ (ਤਤ ਲਖਤਾ) ਅਤੇ ਤ੍ਰਿਕਾਲ-ਦਰਸਤਾ ਦੀ ਗੰਮਤਾ ਵਿਚ ਪਰਬੀਨ ਹੋ ਗਏ ਹਨ। ਓਹ ਤ੍ਰਿਲੋਕੀ ਅੰਦਰਲੇ ਅਤੇ ਭੂਤ, ਭਵਿਖ, ਭਵਾਨ ਤਿਹਾਂ ਹੀ ਕਾਲਾਂ ਵਿਖੇ ਵਰਤ ਰਹੇ ਵਰਤਾਰੇ ਦੇ ਸਾਂਗੋ ਪਾਂਗ ਪੇਖਨਹਾਰੇ, ਸਰਬ ਕਲਾ ਪਰਬੀਨ ਸਰਬ ਕਲਾ ਸਮਰੱਥ ਨਹੀਂ, ਕੇਵਲ ਸਰਬ ਕਲਾ ਪਰਬੀਨ ਮਹਾਂ ਪੁਰਖ ਹੋ ਗਏ ਹਨ ਅਤੇ ਚਰਨ ਕੰਵਲਾਂ ਦੀ ਮਕਰੰਦ-ਰਸ-ਮਗਨਤਾ ਅਤੇ ਨੂਰ-ਜ਼ਹੂਰੀ-ਸੀਤਲਤਾ ਹੀ ਚਰਨ ਕੰਵਲ ਦੇ ਮਉਜੀ ਭਉਰਿਆਂ ਨੂੰ ਦੂਤੀਆ ਭਾਵ ਤੋਂ ਉਪਰਾਮ ਕਰ ਕੇ ਕੇਵਲ ਏਕੋ ਅਕਾਲ ਪੁਰਖ ਦੀ ਟੇਕ ਵਿਚ ਬਿਸਰਾਮ ਦੇਣ ਨੂੰ ਸਮਰਥ ਹੈ। ਚਰਨ ਕੰਵਲ ਦੀ ਰੇਣਕਾ ਵਿਚ ਲਿਪਟ ਲਿਪਟਾਇ ਕੇ ਮੱਜਨ ਕਰਨ ਦਾ ਪਰਤਾਪ ਅਤੀ ਅਸਚਰਜ ਹੈ, ਕੋਟ ਤੀਰਥਾਂ ਦੀ ਪੁਰਬੀ ਵਾਲੇ ਇਸ਼ਨਾਨ ਦਾ ਮਹਾਤਮ, ਚਰਨ ਕੰਵਲਾਂ ਦੀ ਧੂੜੀ ਦੇ ਮੱਜਨ ਵਿਚ ਹੈ, ਕਿਉਂਕਿ ਕੋਟ ਤੀਰਥ ਸਤਿਗੁਰੂ ਦੇ ਚਰਨਾਂ ਵਿਚ ਵਸਦੇ ਹਨ। ਚਰਨ ਕੰਵਲਾਂ ਦੀ ਧੂੜੀ ਦੇ ਮੱਜਨ ਦਾ ਪਰਤਾਪ ਅਤੀਅੰਤ ਬਿਸਮਾਦ ਜਨਕ ਹੈ, ਕਿਉਂਕਿ ਚਰਨ ਕੰਵਲਾਂ ਦੀ ਰਜ-ਧੂੜੀ ਵਿਚ ਮੱਜਨ ਕਰਨ ਦੀ ਮਹੱਤਤਾ ਅੱਤ ਅਧਿਭੁਤ ਹੈ, ਕਿਉਂਕਿ ਚਰਨ ਕੰਵਲ ਦੇ ਪੁਜਾਰੀਆਂ ਨੂੰ ਕਾਰਨ ਕਰਨ ਚਰਨ ਕੰਵਲਾਂ ਨੇ ਕਾਰਨ ਅਧੀਨ, ਅਰਥਾਤ ਗੁਰੂ ਦੀ ਰਜਾਇ ਤੇ ਗੁਰੂ ਪ੍ਰਾਇਣ ਕਰ ਦਿਤਾ ਹੈ। ਚਰਨ ਕੰਵਲਾਂ ਦੀ ਧੂੜੀ ਵਿਚ ਮੱਜਨ ਕਰਨ ਦਾ ਪਾਰਸ ਪੁਨੀਤਾਇਣੀ ਪਰਤਾਪ ਇਹ ਵਰਤਦਾ ਹੈ ਕਿ ਚਰਨ-ਰੱਜ-ਮੱਜਨੀ ਬੰਦੇ ਪਤਿਤੋਂ ਮਹਾ ਪੁਨੀਤ ਹੋ ਜਾਂਦੇ ਹਨ, ਕਿਉਂਕਿ ਚਰਨ ਕੰਵਲ ਤਰਨ ਤਾਰਨ ਹਨ। ਚਰਨ ਕੰਵਲ-ਆਰਾਧਨੀ ਅਨਿੰਨ ਆਸ਼ਕ ਜਨ ਹੀ ਸਚੇ ਪ੍ਰੇਮ-ਭਗਤਿ-ਅਸਨੇਹੀ ਅਭਿਆਸੀ ਜਨ ਬਣ ਸਕਦੇ ਹਨ।

ਯਥਾ ਗੁਰਵਾਕ– ਚਾਤ੍ਰਿਕ ਚਿਤਵਤ ਬਰਸਤ ਮੇਂਹ ॥
ਕ੍ਰਿਪਾਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਹੁ ॥੧॥ਰਹਾਉ॥
ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥
ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥੧॥
ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ ॥
ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ ॥੨॥੬॥੧੦॥

[ਜੈਤਸਰੀ ਮਹਲਾ ੫, ਪੰਨਾ ੭੦੨

ਜਿਸ ਪ੍ਰਕਾਰ ਚਾਤ੍ਰਿਕ (ਬਬੀਹਾ-ਪਪੀਹਾ) ਸੁਆਂਤ ਬੂੰਦ ਹੇਤ ਚਿਤਵਦਾ ਹੈ ਅਤੇ ਪ੍ਰਿਉ ਪ੍ਰਿਉ ਟੇਰਦਾ ਹੈ ਤਿਸ ਪ੍ਰਕਾਰ ਚਰਨ ਕੰਵਲਾਂ ਦਾ ਪਿਆਰਾ ਸੱਚਾ ਆਸ਼ਕ ਜਨ ਚਰਨ ਕੰਵਲਾਂ ਨੂੰ ਹੀ ਆਰਾਧਦਾ ਹੈ। **ਵਾਹਿਗੁਰੂ ਨਾਮ ਦਾ ਆਰਾਧਨ ਚਰਨ ਕੰਵਲਾਂ ਦਾ ਆਰਾਧਨਾ ਹੈ, ਅਤੇ ਜਿਸ ਪ੍ਰਕਾਰ ਚਾਤ੍ਰਿਕ ਦੇ ਚਿਤਵੇ ਤੋਂ ਸੁਆਂਤ ਬੂੰਦ-ਬਰਸਾਵਨੀ-ਬਰਖਾ ਹੋਣ ਲਗ ਪੈਂਦੀ ਹੈ, ਤਿਸ ਪ੍ਰਕਾਰ ਵਾਹਿਗੁਰੂ ਨਾਮ ਦੇ ਆਰਾਧਨ ਕੀਤਿਆਂ ਚਰਨ ਕੰਵਲਾਂ ਦੀ ਰਸ-ਜੋਤਿ-ਵਿਗਾਸੀ ਕਿਰਣ ਅੰਤਰ-ਆਤਮੇ ਭੋਅਣ ਲਗ ਪੈਂਦੀ ਹੈ।** ਤਾਂ ਤੇ ਚਰਨ-ਕੰਵਲਾਰੀ-ਚਾਤ੍ਰਿਕ-ਪਪੀਹੇ ਹਰ ਦੰਮ ਇਹ ਪ੍ਰਾਰਥਨਾ ਕਰਦੇ ਰਹਿੰਦੇ ਹਨ ਕਿ ਹੇ ਕਿਰਪਾ ਦੇ ਸਾਗਰ, ਪ੍ਰਭੂ ਪਰਮਾਤਮਾ! ਦਇਆ, ਤਰਸ, ਮੇਹਰ ਕਰਹੁ, ਜਾਂ ਤੇ ਵਾਹਿਗੁਰੂ, ਤੇਰੀ ਪ੍ਰੇਮਾ ਭਗਤੀ ਨਾਲ ਹੀ ਸਾਡਾ ਸੱਚੜਾ ਨੇਹੁ ਲੱਗਾ ਰਹੇ। ਜਿਸ ਪ੍ਰਕਾਰ ਚਕਵੀ ਨੂੰ ਹੋਰ ਨਾਨਾ ਪ੍ਰਕਾਰ ਸੁਖਾਂ ਨਾਲਿ ਕੋਈ ਸਰੋਕਾਰ ਨਹੀਂ, ਹੋਰ ਕਿਸੇ ਸੁਖ ਦੀ ਚਾਹਨਾ ਨਹੀਂ, ਓਸ ਨੂੰ ਤਾਂ ਪੂਰਨ ਆਨੰਦ, ਦਿਨ ਚੜ੍ਹਿਆ ਦੇਖ ਕੇ ਹੀ ਆਉਂਦਾ ਹੈ,



www.AKJ.Org

ਕਿਉਂਕਿ ਦਿਨ ਚੜ੍ਹਨ ਸਾਰ ਹੀ, ਸੂਰਜ ਉਦੇ ਹੁੰਦੇ ਹੀ ਉਸ ਦਾ ਪਿਆਰਾ ਉਸ ਨੂੰ ਆਣ ਮਿਲਦਾ ਹੈ, ਇਸੇ ਪ੍ਰਕਾਰ ਚਰਨ ਕੰਵਲਾਂ ਦੇ ਰਸੀਏ ਭੌਰਿਆਂ ਨੂੰ ਚਰਨ ਕੰਵਲਾਂ ਦਾ ਪਰਤੱਖ ਦੀਦਾਰ ਕਰ ਕੇ ਹੀ ਪੂਰਨ ਆਨੰਦ ਪ੍ਰਾਪਤ ਹੁੰਦਾ ਹੈ। ਜਿਸ ਪ੍ਰਕਾਰ ਮੱਛੀ ਜਲ ਬਿਊਨ ਹੋਰ ਕਿਸੇ ਉਪਾਵ ਜਤਨ ਨਾਲ ਭੀ ਨਹੀਂ ਜੀਉ ਸਕਦੀ ਅਤੇ ਜਲ ਦੇ ਵਿਛੋੜੇ ਨਾਲਿ ਉਸ ਦਾ ਮਰਨ ਹੋ ਜਾਂਦਾ ਹੈ, ਤਿਸ ਪ੍ਰਕਾਰ ਚਰਨ ਕੰਵਲ ਆਧਾਰੀ ਆਸ਼ਕ ਜਨ, ਚਰਨ ਕੰਵਲਾਂ ਦੇ ਦਰਸ ਦੀਦਾਰ ਬਾਝੋਂ ਜੀਉ ਨਹੀਂ ਸਕਦੇ, ਅਤੇ ਚਰਨ ਕੰਵਲਾਂ ਦੇ ਓਹਲੇ ਹੋਇਆਂ ਓਹਨਾਂ ਦਾ ਮਰਨ ਹੋ ਜਾਂਦਾ ਹੈ। ਬਸ, ਉਹਨਾਂ ਦੀ ਜੀਵਨ-ਬੂਟੀ ਚਰਨ ਕੰਵਲਾਂ ਦਾ ਦਰਸ਼ਨ ਹੀ ਹੈ। ਏਸ ਕਰਕੇ ਚਰਨ ਕੰਵਲਾਂ ਦੇ ਮੁਸ਼ਤਾਕ ਭਉਰੇ ਅੱਤ ਅਧੀਨ ਹੋ ਕੇ ਚਰਨ ਕੰਵਲ ਪਟੋਲੜੇ ਪ੍ਰੀਤਮ ਅਗੇ ਇਸ ਪ੍ਰਕਾਰ ਜੋਦੜੀਆਂ ਕਰਦੇ ਹਨ : ਹੇ ਪ੍ਰਾਨ ਨਾਥ ਸੁਆਮੀ ਪ੍ਰੀਤਮ ਜੀ, ਅਸੀਂ ਅਨਾਥ ਤੇਰੀ ਸਰਨੀ ਹਾਂ, ਆਪਣੀ ਐਸੀ ਕਿਰਪਾ ਕਰ, ਜਾਂ ਤੇ ਅਸੀਂ ਨਿਸ ਬਾਸਰ ਕੇਵਲ ਤੇਰੇ ਚਰਨ ਕੰਵਲਾਂ ਦਾ ਹੀ ਆਰਾਧਨ ਕਰਦੇ ਰਹੀਏ, ਕਿਉਂਕਿ ਅਸਾਨੂੰ ਬਿਨਾਂ ਚਰਨ ਕੰਵਲਾਂ ਦੇ ਹੋਰ ਕੁਛ ਭਾਉਂਦਾ ਨਹੀਂ ਅਤੇ ਬਿਨਾਂ ਚਰਨ ਕੰਵਲਾਂ ਦੇ ਇਸ਼ਕ ਦੇ ਹੋਰ ਕੁਛ ਭੀ ਅਸਾਡੇ ਹਿਰਦੇ ਵਿਚ ਸਮਾਉਂਦਾ ਨਹੀਂ, ਤਾਂਹੀ ਤਾਂ ਗੁਰਬਾਣੀ ਅੰਦਰ ਚਰਨ ਕੰਵਲਾਂ ਦੀ ਹਿਰਦੇ ਵਸਕ ਦਰਸ ਰਸਕ ਯਾਚਨਾ ਪ੍ਰਥਾਇ ਇਸ ਪ੍ਰਕਾਰ ਦੇ ਗੁਰਵਾਕ ਅਨੇਕ ਬਾਈਂ ਆਉਂਦੇ ਹਨ :—

ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥੩॥

[ਸੂਹੀ ਮਹਲਾ ੫, ਪੰਨਾ ੭੪੨

ਜਿਨ੍ਹਾਂ ਨੂੰ ਚਰਨ ਕੰਵਲਾਂ ਦੀ ਪ੍ਰੀਤਿ ਮਨ ਬਚ ਕਰਮ ਕਰਕੇ ਰਿਦੰਤਰ ਲਗੀ ਹੈ, ਤਿਨ੍ਹਾਂ ਨੂੰ ਪ੍ਰਿਆ ਪ੍ਰੀਤਮ ਚਰਨ ਕੰਵਲਾਂ ਵਾਲੇ ਸੁਰਜਨ ਦਾ ਮਿਲਾਪ ਭੀ ਹੋ ਕੇ ਹੀ ਰਹਿੰਦਾ ਹੈ। ਚਰਨ ਕੰਵਲਾਂ ਦੀ ਡਾਢੀ ਪ੍ਰੀਤਿ ਸੁਰਜਨ ਪ੍ਰੀਤਮ ਦੇ ਮਿਲਣ ਦੀ ਅਤੇ ਮਿਲ ਕੇ ਮਿਲੇ ਰਹਿਣ ਦੀ ਨਿਸ਼ਾਨੀ ਹੈ :

ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ ਸੁਰਿਜਨ ਮਿਲੇ ਪਿਆਰੇ ॥
ਨਾਨਕ ਅਨਦ ਕਰੇ ਹਰਿ ਜਪਿ ਜਪਿ ਸਗਲੇ ਰੋਗ ਨਿਵਾਰੇ ॥੨॥੧੦॥੧੫॥

[ਟੋਡੀ ਮ: ੫, ਪੰਨਾ ੭੧੫

ਪ੍ਰੀਤਮ ਦੇ ਚਰਨ ਕੰਵਲਾਂ ਦਾ ਦਰਸ਼ਨ ਆਨੰਦ ਨਾਮ ਅਭਿਆਸ ਮਈ ਸਿਮਰਨ ਜਾਪ ਦੁਆਰਾ ਹੋਰ ਵਧੇਰੇ ਖਿੜਦਾ ਹੈ। ਏਸ ਜਾਪ ਸਿਮਰਨ-ਆਨੰਦੀ, ਚਰਨ ਕੰਵਲ ਦਰਸ਼ਨ-ਆਨੰਦ ਦੀ ਦਸ਼ਾ ਵਿਚ, ਆਨੰਦੀ ਜਨ ਦੀ ਸਰਬ ਸਰੀਰਕ, ਮਾਨਸਿਕ, ਅੰਤਸ਼ਕ੍ਰਣੀ ਅਤੇ ਆਤਮ ਰੋਗ ਨਿਵਿਰਤ ਹੋ ਜਾਂਦੇ ਹਨ। ਇਸੇ ਪ੍ਰਥਾਇ ਐਨ ਢੁਕਵਾਂ ਇਹ ਅਗਲੇਰਾ ਗੁਰਵਾਕ ਖ਼ੂਬ ਫਬਦਾ ਛਬਦਾ ਹੈ :—

ਹਰਿ ਜਨ ਸਿਮਰਹੁ ਹਿਰਦੈ ਰਾਮ ॥
ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ਰਹਾਉ॥
ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਬਿੰਦ ਧਾਮ ॥
ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥੧॥
ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ ॥
ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥੨॥੯॥੧੩॥

[ਜੈਤਸਰੀ ਮਹਲਾ ੫, ਪੰਨਾ ੭੦੨

ਹੇ ਪਿਆਰੇ ਹਰਿ ਜਨਹੁ ! (ਗੁਰ ਨਾਨਕ ਪੰਚਮ ਸਰੂਪ ਸਾਹਿਬ ਜੀ ਆਪਣੇ ਗੁਰਸਿਖਾਂ ਨੂੰ ਅਸੀਸ, ਵਰ, ਲੋਰੀਆਂ ਦਿੰਦੇ ਹਨ) ਤੁਸੀਂ ਰਮਤ ਰਾਮ ਵਾਹਿਗੁਰੂ ਦਾ ਗੁਰਮੰਤ੍ਰ ਸਿਮਰਨ, ਜਾਪ, ਹਿਰਦੇ ਅੰਦਰ ਸੁਆਸ ਅਭਿਆਸ ਬਿਲੋਵਨੜਾ ਮਧਾਣਾ ਫੇਰ ਕੇ ਕਰਹੁ। ਅਜਿਹੇ ਅਜਪਾ ਜਾਪੀ ਸਿਮਰਨ ਕਰਨਹਾਰੇ ਗੁਰਮਤਿ ਨਾਮ (ਗੁਰਮੰਤ੍ਰ) ਅਭਿਆਸੀ ਜਨ ਦੇ, ਕੋਈ ਅਲੱਾ, ਬਲੱਾ, ਅਪਦਾ ਬਿਪਤਾ ਨੇੜੇ ਨਹੀਂ ਆਉਂਦੀ ਅਤੇ ਅਭਿਆਸੀ



www.AKJ.Org

ਜਨ ਨਾਮ ਕਮਾਈ ਵਾਲੇ ਅਨਿੰਨ ਸੇਵਕ ਦਾਸਰੇ ਦੇ ਸਾਰੇ ਕਾਰਜ ਨਿਰ-ਵਿਘਨ ਪੂਰੇ ਹੋ ਜਾਂਦੇ ਹਨ। ਨਾਮ ਸਿਮਰਨ ਰੂਪੀ ਸੇਵਾ ਕੋਟ ਬਿਘਨਾਂ ਦੇ ਬਿਨਾਸਨਹਾਰੀ ਹੈ ਅਤੇ ਗੋਬਿੰਦ (ਵਾਹਿਗੁਰੂ) ਦੇ ਨਿਹਚਲ ਧਾਮ ਵਿਖੇ ਵਾਸ ਨਿਵਾਸ ਕਰਾਵਨਹਾਰੀ ਹੈ। ਐਸੇ ਭਗਵੰਤ ਭਗਤ ਨੂੰ ਕਿਸੇ ਪ੍ਰਕਾਰ ਦਾ ਭੀ ਭਉ-ਭੈਜਲ ਨਹੀਂ ਵਿਆਪਦਾ ਅਤੇ ਜਮ ਦਾ ਤ੍ਰਾਸ ਵੀ ਨਹੀਂ ਪੋਂਹਦਾ, ਸਗੋਂ ਧਰਮ ਰਾਜ ਤੇ ਜਮਦੂਤ ਭੀ ਭਗਵੰਤ ਭਗਤ ਨੂੰ ਆਦਰ ਭਰੇ ਸਤਿਕਾਰ ਸਨਮਾਨ ਨਾਲਿ ਪੇਸ਼ ਆਉਂਦੇ ਹਨ। ਤਾਂ ਤੇ ਗੋਪਾਲ ਗੋਬਿੰਦ ਵਾਹਿਗੁਰੂ ਦੀ ਨਾਮ ਅਭਿਆਸ ਕਮਾਈ ਨੂੰ ਤਜ ਕੇ ਹੋਰ ਜੋ ਭੀ ਕਰਨੀ ਹੈ ਸੋ ਸਭ ਬਿਨਸਨਹਾਰੀ ਹੈ ਅਤੇ ਕਚੀ (ਖਾਮੀਆਂ ਵਾਲੀ) ਹੈ। ''ਨਿਹਚਲੁ ਗੋਬਿੰਦ ਧਾਮ'' ਵਾਲੀ ਪਕਿਆਈ ਏਸੇ ਵਿਚ ਹੈ ਕਿ ਨਾਮ ਸਿਮਰਨ ਅਭਿਆਸ ਦੀ ਅਥੱਕ ਅਤੇ ਅਡੋਲ ਕਮਾਈ ਦੁਆਰਾ ਵਾਹਿਗੁਰੂ ਪ੍ਰੀਤਮ ਦੇ ਪਰਮ ਪਿਆਰੇ ਚਰਨ ਕੰਵਲਾਂ ਨੂੰ ਹਿਰਦੇ ਵਿਚ ਗਹਿ ਕੇ ਫੜੀ ਸੰਭਾਲੀ ਰਖੇ, ਕਿਉਂਕਿ ਚਰਨ ਕੰਵਲਾਂ ਦੇ ਹਿਰਦੇ ਅੰਦਰ ਗਹੀ ਰਖਣ ਵਿਚ ਹੀ ਸਮੂਹ ਸੁਖਾਂ ਦਾ ਬਿਸਰਾਮ ਹੈ। ਰਸਨ ਰਟੰਨੜੀ ਨਾਮ ਅਭਿਆਸ ਕਮਾਇ ਦੁਆਰਾ ਰਸ-ਜੋਤਿ-ਵਿਗਾਸੀ ਬਿਸਮਾਦ ਕਲਾ ਵਾਲਾ ਨਾਮ ਹਿਰਦੇ ਅੰਦਰਿ ਜਦੋਂ ਪਰਗਾਸਦਾ ਹੈ ਤਾਂ ਇਸ ਦੀ ਪਕੜ, ਨਾਭ ਕੰਵਲ ਵਿਖੇ, ਜਕੜ ਜੂੜਿਆ ਸੁਆਦ ਅਹਿਲਾਦ ਉਤਪੰਨ ਕਰ ਦਿੰਦੀ ਹੈ। ਇਸ ਬਿਸਮਾਦ ਅਹਿਲਾਦੀ ਰਸ ਸੁਆਦ ਵਿਚ ਗੀਧੇ ਹੋਏ ਸੁਆਸ, ਅਭਿਆਸੀ ਜਨ ਦੀ ਨਾਭੀ ਅੰਦਰਿ ਹੀ ਅਟਕੇ ਰਹਿੰਦੇ ਹਨ। ਇਸ ਵਿਸਮਾਦ ਸੁਆਦ ਦਾ ਰਸੀਆ ਹੋ ਕੇ ਅਭਿਆਸੀ ਜਨ ਸੁਆਸਾਂ ਨੂੰ ਸ਼ਬਦ ਅਭਿਆਸ ਦੇ ਬਲ ਨਾਲ ਆਪਣੀ ਨਾਭੀ ਵਿਖੇ ਅਟਕਾਈ ਰਖਦਾ ਹੈ ਅਤੇ ਸੁਰਤੀ ਨੂੰ ਸਹਜ ਹੀ ਗਗਨ ਦੁਆਰ (ਦਸਮ ਦੁਆਰ) ਵਿਖੇ ਚੜ੍ਹਾ ਲੈਂਦਾ ਹੈ; ਨਾਮ ਦਾ ਇਸ ਰਸ-ਜੋਤਿ-ਵਿਗਾਸੀ-ਟਿਕਾਉ ਵਿਚ ਨਾਭ ਅੰਦਰਿ ਅਟਕੇ ਰਹਿਣਾ, ਚਰਨ ਕੰਵਲਾਂ ਦਾ ਹਿਰਦੇ ਅੰਦਰ ਗਹਿਣਾ (ਪਕੜਨਾ) ਹੈ। ਚਰਨ ਕੰਵਲਾਂ ਦਾ ਇਹ ਗਹਿਣ-ਗਹਾਉ ਦਯੜੇ ਢੋਲੇ (ਅਕਾਲ ਪੁਰਖ ਪਿਆਰੇ) ਦੇ ਸਾਖਸ਼ਾਤ ਦਰਸ਼ਨਾਂ ਦਾ ਸਚਾ ਢੋਆ ਹੈ, ਜਿਸ ਦੇ ਬਲ ਨਾਲ ਪੰਚੇ ਮਹਾਂ ਬਲੀਆਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਭੀ ਅਭਿਆਸੀ ਜਨ ਆਪਣੇ ਵਸਗਤ ਕਰ ਲੈਂਦਾ ਹੈ (ਬੰਨ੍ਹ ਲੈਂਦਾ ਹੈ)। ਇਸ ਆਤਮ ਅਵਸਥਾ ਵਿਚ ਅਰੂੜ੍ਹ ਹੋਇਆਂ ਚਰਨ ਕੰਵਲਾਂ ਕੀ ਮਉਜ ਸੁਤੇ ਸਿਧ (ਨਿਰਯਤਨ) ਹੀ ਬਣੀ ਰਹਿੰਦੀ ਹੈ। ਏਥੇ (ਏਸ ਦਸ਼ਾ ਅੰਦਰ) ਅਕਾਲ ਪੁਰਖ ਆਪਣੇ ਨਾਮ-ਰਸਾਇਣੀ ਰਸ-ਜੋਤਿ-ਵਿਸਮਾਦ ਅਹਿਲਾਦੜੇ ਚਰਨ ਆਪਣੇ ਆਪ ਹੀ ਵਿਚ ਆਪ ਖਲੋ ਕੇ ਅਭਿਆਸੀ ਜਨ ਕੋਲੋਂ ਜਪਾਉਂਦਾ ਹੈ। ਯਥਾ ਗੁਰਵਾਕ :-

ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥

[ਬਸੰਤ ਕੀ ਵਾਰ ਮ: ੫, ਪੰਨਾ ੧੧੯੩

ਏਸ ਪਦ ਪ੍ਰਾਪਤ ਹੋਏ ਚਰਨ ਕੰਵਲਾਂ ਦੀ ਓਟ ਪ੍ਰਾਇਣ ਹੀ ਸਗਲੇ ਅਭਿਆਸੀ ਜਨਾਂ ਦਾ ਸਚੜਾ ਉਧਾਰ ਹੁੰਦਾ ਹੈ। ਜੈਸੇ ਕਿ ਗੁਰਵਾਕ ਹੈ:-

ਚਰਨ ਕਮਲ ਕੀ ਓਟ ਉਧਰੇ ਸਗਲ ਜਨ ॥੧੭॥ (ਪੰਨਾ ੭੦੯)

ਜਿਨ੍ਹਾਂ ਨੂੰ ਚਰਨ ਕੰਵਲਾਂ ਦਾ ਆਧਾਰ ਹੈ, ਜੋ ਚਰਨ ਕੰਵਲਾਂ ਦੇ ਆਧਾਰ ਬਿਨਾਂ ਜੀਉ ਨਹੀਂ ਸਕਦੇ, ਤਿਨ੍ਹਾਂ ਦਾ ਹੀ ਸਚੜਾ ਉਧਾਰ ਹੁੰਦਾ ਹੈ। ਚਰਨ ਕੰਵਲ ਆਧਾਰੀ ਜਨਾਂ ਨੂੰ ਹੀ ਚਰਨ ਕੰਵਲਾਂ ਦੀ ਸਚੀ ਓਟ ਪ੍ਰਾਪਤ ਹੋਈ ਹੈ। ਚਰਨ ਕੰਵਲ ਆਧਾਰੀ ਜਨਾਂ ਨੂੰ ਅੰਤ੍ਰਗਤੀ ਆਧਾਰੁ ਰਸ-ਜੋਤਿ ਬੇਧਨੀ ਤਾਰ ਦੁਆਰਾ ਹਰ ਦਮ ਹੀ ਬਧੀ ਰਖਦਾ ਹੈ ਅਤੇ ਚਲੂਲੇ ਮਜੀਠੀ ਆਤਮ ਰੰਗਾਂ ਵਿਚ ਹਰ ਦਮ ਰੰਗੀ ਰਖਦਾ ਹੈ। ਯਥਾ ਗੁਰਵਾਕ:-

ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥੧੧॥ (ਪੰਨਾ ੭੦੮)

ਜੋ ਜਨ ਇਸ ਬਿਧ ਚਰਨ ਕੰਵਲਾਂ ਦੇ ਰਸ ਰੰਗ ਵਿਚ ਬੇਧੇ ਗੀਧੇ ਅਤੇ ਰਚ ਰੀਧੇ ਰਹਿੰਦੇ ਹਨ, ਸ ਗੁਰਮੁਖ ਸਿੱਖ ਸੰਤ ਜਨ ਬਸ ਏਹਨਾਂ ਰੰਗਾਂ ਵਿਚ ਹੀ ਮਸਤ ਰਹਿੰਦੇ ਹਨ। ਓਹਨਾਂ ਨੂੰ ਚਰਨ ਕੰਵਲਾਂ ਦੇ ਰਸ ਰੰਗ ਵਿਚ ਰਹਿਣ ਤੋਂ ਬਿਨਾਂ ਹੋਰ ਕੋਈ ਰੁਚੀ ਉਪਜਦੀ ਹੀ ਨਹੀਂ। ਯਥਾ ਗੁਰਵਾਕ:—



www.AKJ.Org

ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥੧॥ (ਪੰਨਾ ੭੦੮)

ਓਹ ਰੈਣ ਦਿਨਸ ਏਸੇ ਇਕੋ ਰੰਗ ਵਿਚ ਰੱਤੇ ਰਹਿੰਦੇ ਹਨ ਅਤੇ ਚਰਨ ਕੰਵਲਾਂ ਦੇ ਰੰਗ ਵਿਚ ਅਹਿਨਿਸ ਰੱਤੇ ਰਹਿਣ ਕਰਕੇ ਉਹ ਅਕਾਲ ਪੁਰਖ ਵਾਹਿਗੁਰੂ ਦੇ ਸਦਾ ਹੀ ਸਨਮੁਖ ਰਹਿੰਦੇ ਹਨ ਅਤੇ ਸਦਾ ਹੀ ਪ੍ਰਭੂ ਪ੍ਰਮਾਤਮਾ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਕਰਕੇ ਪਰਤੱਖ ਲਖਦੇ ਹਨ । ਸਦਾ ਹੀ ਹਾਜ਼ਰ ਨਾਜ਼ਰ ਜਾਣਦੇ ਪੇਖਦੇ ਹਨ । ਤਿਨ੍ਹਾਂ ਸੰਤ-ਜਨਾਂ ਨੇ ਵਾਹਿਗੁਰੂ ਨਾਮ ਨੂੰ ਹੀ ਆਪਣਾ ਵਰਤਣ ਵਲੇਵਾ ਬਣਾ ਰਖਿਆ ਹੈ । ਨਾਮ ਹੀ ਉਹਨਾਂ ਦਾ ਆਧਾਰ ਹੈ, ਨਾਮ ਹੀ ਓਹਨਾਂ ਦਾ ਅਹਾਰ ਹੈ । ਜ਼ਾਹਰਦਾਰੀ ਵਿਚ ਓਹਨਾਂ ਦਾ ਖਾਣਾ ਪੀਣਾ ਤੇ ਵਰਤਣ ਵਿਹਾਰ, ਸੈਨ ਚੈਨ ਕੇਵਲ ਠਾਠਾ ਬਾਗਾ ਹੀ ਹੈ । ਨਾਮ-ਅਹਾਰ ਹੀ ਓਹਨਾਂ ਦਾ ਚਰਨ ਕੰਵਲ ਆਧਾਰ ਹੈ । ਚਰਨ ਕੰਵਲਾਂ ਦੇ ਦਿਬ ਜੋਤਿ ਦਰਸ਼ਨੀ ਦੀਦਾਰ ਕਰਿ ਕਰਿ ਹੀ ਓਹ ਤ੍ਰਿਪਤ ਅਘਾਇ ਰਹਿੰਦੇ ਹਨ । ਵਾਹਿਗੁਰੂ ਕਰਤਾਰ ਦੇ ਚਰਨ ਕੰਵਲਾਂ ਦੇ ਦੀਦਾਰ ਵਿਚ ਚੁਭੀ ਮਾਰ ਕੇ ਓਹ ਵਾਹਿਗੁਰੂ ਅਕਾਲ ਪੁਰਖ ਦਾ ਸਾਖਸ਼ਾਤ ਦਰਸ ਦੀਦਾਰ ਪੇਖਦੇ ਹਨ ਅਤੇ ਪੇਖਿ ਪੇਖਿ ਤ੍ਰਿਪਤਾਸ ਹੁੰਦੇ ਹਨ । ਇਸ ਬਿਧ ਹਰਿ ਦਰਸ਼ਨ ਰੰਗਾਂ ਵਿਚ ਰਤ ਕੇ ਓਹਨਾਂ ਦਾ ਮਨ ਤਨ ਭੀ ਹਰਿਆ ਹੋ ਜਾਂਦਾ ਹੈ ਅਤੇ ਰਸ-ਦੀਦਾਰ-ਰੰਗਾਂ ਵਿਚ ਹਰੇ ਭਰੇ ਹੋ ਕੇ ਉਹਨਾਂ ਦੇ ਰਗੋ ਰੇਸ਼ੇ ਵਿਚ ਕਰਤਾਰ ਦੀ ਧੰਨਤਾ ਦਾ ਆਵਾਜ਼ਾ ਹੋਰ ਭੀ ਉਚਾ ਬਲੰਦ ਹੁੰਦਾ ਹੈ । ਧੰਨ ਗੁਰੂ, ਧੰਨ ਧੰਨ ਗੁਰੂ ਕਰਤਾਰ ਦੀ ਵਾਹ-ਵਿਸਮਾਦੀ-ਟੇਰ ਪੁਕਾਰ ਸਹਜ ਸੁਭਾਵ ਹੀ ਰਸ ਵਿਗਾਸ ਰੰਗਾਂ ਵਿਚ ਸੁਆਸ ਸੁਆਸ ਉਚਾਰਨ ਹੁੰਦੀ ਹੈ । ਇਸ ਬਿਧ ਹਿਰਦੇ ਵਠੜੇ ਚਰਨ ਕੰਵਲਾਂ ਦੀ ਮਉਜ ਓਹਨਾਂ ਦਾ ਤੱਤ-ਆਤਮ-ਆਧਾਰ ਬਣ ਜਾਂਦੀ ਹੈ । ਇਸ ਚਰਨ ਕੰਵਲਾਰੀ ਆਤਮ-ਆਧਾਰੀ ਮਉਜ ਵਿਚ ਉਹ ਇਕੋ ਇਕ, ਕੇਵਲ ਇਕੈ ਕਰਤਾਰ ਨੂੰ ਜਤ ਕਤ ਅਤੇ ਸਰਬਤਰ ਰਮਿਆ ਨਿਹਾਰਦੇ ਹਨ ਅਤੇ ਇਕੈ ਦੇ ਹੁਕਮੀ ਬੰਦੇ ਆਗਿਆਕਾਰ ਬਣੇ ਰਹਿੰਦੇ ਹਨ । ਸਿਫਤਿ ਸਾਲਾਹਣ ਰੂਪੀ ਹੁਕਮ ਰਜ਼ਾ ਵਿਚ ਹੀ ਸਦਾ ਤੱਤਪਰ ਰਹਿੰਦੇ ਹਨ । ਬਸ, ਓਹ ਸਿਫਤਿ ਸਾਲਾਹ ਰੂਪੀ ਇਕੋ ਵਣਜ ਵਾਪਾਰ ਦੇ ਬਿਉਹਾਰੀ ਬਣੇ ਰਹਿੰਦੇ ਹਨ ਅਤੇ ਨਿਰੰਕਾਰੀ ਨਾਮ ਤੋਂ ਬਿਨਾਂ ਹੋਰ ਕੋਈ ਬਿਉਹਾਰ ਵਣਜ ਵਾਪਾਰ ਨਹੀਂ ਜਾਣਦੇ, ਸਿਆਣਦੇ । ਏਹਨਾਂ ਨਿਰੰਕਾਰੀ ਨਾਮ ਆਧਾਰੀ ਰੰਗਾਂ ਦੀ ਆਤਮ ਅਉਜੀ ਮਉਜ ਵਿਚ ਉਹ ਹਰਖ ਸੋਗ ਦੋਹਾਂ ਤੋਂ ਅਲੇਪ ਰਹਿੰਦੇ ਹਨ । ਇਸ ਬਿਧ ਸਚਾ ਰਾਜ ਜੋਗ ਅਤੇ ਸਚੀ ਜੋਗ ਜੁਗਤਿ ਉਹਨਾਂ ਨੂੰ ਸਹਜੇ ਅਤੇ ਸਹਿਲੀ ਹੀ ਪ੍ਰਾਪਤ ਹੋਈ ਰਹਿੰਦੀ ਹੈ । ਓਹ ਦਿਸਣ ਮਾਤਰ ਵਿਚ ਤਾਂ ਸੰਸਾਰ, ਕੁਟੰਬ, ਪਰਵਾਰ, ਸਾਰਿਆਂ ਵਿਚ ਹੀ ਰਲੇ ਮਿਲੇ ਰਹਿੰਦੇ ਹਨ, ਪਰ ਓਹਨਾਂ ਵਿਚ ਖੱਚਤ ਨਹੀਂ ਹੁੰਦੇ, ਅਤੇ ਸਭ ਤੋਂ ਨਿਰਾਲੇ ਹੀ ਬਿਰਤ ਬਿਬੇਕ ਵਰਤਾਉ ਰਖਦੇ ਹਨ । ਮਾਇਆ ਮਮਤਾ ਦੀ ਲੇਪ ਤੋਂ ਨਿਰਾਲਮ ਰਹਿੰਦੇ ਹਨ ਅਤੇ ਸ਼ਬਦ-ਸੁਰਤੇ ਹੁੰਦੇ ਹੋਏ ਸਦਾ ਹੀ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਦਾ ਧਿਆਨ ਧਰੀ ਰਖਦੇ ਹਨ, ਐਸੇ ਨਾਮ ਅਭਿਆਸੀ ਜਨਾਂ ਗੁਰਮੁਖ ਸਿਖ ਸੰਤਾਂ ਦੀ ਮਹਿਮਾ ਅਪਰ ਅਪਾਰ ਹੈ । ਕਿਹੜੀ ਕਿਹੜੀ ਉਪਮਾ ਉਨ੍ਹਾਂ ਦੀ ਕੀਤੀ ਜਾਵੇ । ਬੜੀ ਹੀ ਅਗਾਧ ਬੋਧ ਮਹਿਮਾ ਹੈ, ਨਾਮ ਰਸੀਏ ਸੰਤ ਜਨਾਂ ਦੀ । ਜਿਸ ਦੀ ਮਿਤ ਕੀਮਤ ਨਹੀਂ ਪਾਈ ਜਾ ਸਕਦੀ; ਪਾਰਬ੍ਰਹਮ ਦੀ ਪਰਮ ਕਿਰਪਾ ਹੋਵੇ ਤਾਂ ਅਜਿਹੇ ਨਾਮ ਨਾਮੀ ਅਭੇਦ ਸੰਤ ਜਨਾਂ ਦੀ ਧੂਰੀ ਪ੍ਰਾਪਤ ਹੋਵੇ । ਪਿਛਲੇ ਸਾਰੇ ਸਿਧਾਂਤ ਦੀ ਪ੍ਰੌੜ੍ਹਤਾ ਇੰਨ ਬਿੰਨ ਇਹ ਹੇਠ ਲਿਖਿਆ ਗੁਰਵਾਕ ਕਿਆ ਭਲੀ ਭਾਂਤ ਕਰਦਾ ਹੈ :-

ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥
ਠਾਕੁਰ ਨਾਮੁ ਕੀਓ ਉਨਿ ਵਰਤਨਿ ॥ ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥੧॥
ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥੧॥ਰਹਾਉ॥
ਚਰਣ ਕਮਲ ਆਤਮ ਆਧਾਰ ॥ ਏਕੁ ਨਿਹਾਰਹਿ ਆਗਿਆਕਾਰ ॥
ਏਕੋ ਬਨਜੁ ਏਕੋ ਬਿਉਹਾਰੀ ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥੨॥
ਹਰਖ ਸੋਗ ਦੁਹਹੂੰ ਤੇ ਮੁਕਤੇ ॥ ਸਦਾ ਅਲਿਪਤੁ ਜੋਗ ਅਰੁ ਜੁਗਤੇ ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥੩॥



www.AKJ.Org

ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥
ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੮੬॥

[ਗਉੜੀ ਮਹਲਾ ੫ ਗੁਆਰੇਰੀ, ਪੰਨਾ ੧੮੧

ਚਰਨ ਕੰਵਲ ਦੀ ਮਉਜ ਵਾਲੇ ਸੰਤ ਜਨਾਂ ਗੁਰਮੁਖਾਂ ਪਿਆਰਿਆਂ ਦੀ ਰਹਿਤ ਰਹਿਣੀ, ਬਿਬੇਕ ਕਰਨੀ ਅਗਲੇਰੇ ਗੁਰਵਾਕ ਵਿਖੇ ਇਸ ਬਿਧ ਵਰਣਨ ਹੈ :-

ਬਾਹਰਿ ਰਾਖਿਓ ਰਿਦੈ ਸਮਾਲਿ ॥ ਘਰਿ ਆਏ ਗੋਬਿੰਦੁ ਲੈ ਨਾਲਿ ॥੧॥
ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ ਮਨੁ ਤਨੁ ਰਾਤਾ ਰਾਮ ਕੈ ਰੰਗਿ ॥੧॥ਰਹਾਉ॥
ਗੁਰਪਰਸਾਦੀ ਸਾਗਰੁ ਤਰਿਆ॥ ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥
ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥੩॥
ਚਰਣ ਕਮਲ ਹਿਰਦੇ ਮਹਿ ਜਾਪੁ ॥ ਨਾਨਕ ਪੇਖਿ ਜੀਵੈ ਪਰਤਾਪੁ॥੪॥੮੮॥੧੫੭॥

[ਗਉੜੀ ਮਹਲਾ ੫, ਪੰਨਾ ੧੯੭

ਚਰਨ ਕਮਲ ਮਉਜਾਰੀ ਗੁਰਮੁਖ ਸੰਤ ਜਨ ਚਰਨ ਕੰਵਲਾਂ ਦੇ ਮਉਜ-ਰੰਗਾਂ ਵਿਚ ਰੰਗੀਜ ਕੇ ਚਰਨ ਕੰਵਲਾਂ ਦੀ ਜਪ-ਉਪਾਸ਼ਨਾ ਸਗੋਂ ਹੋਰ ਵਧੇਰੇ ਤਤਪਰ ਹੋ ਕੇ ਕਰਦੇ ਹਨ, ਕਾਜ ਕਾਮ ਵਿਖੇ, ਵਾਟਿ ਘਾਟਿ ਬਾਹਰ ਵਿਚਰਦੇ ਹੋਏ ਭੀ ਗੋਬਿੰਦ ਨਾਮ ਰੂਪੀ ਰਸ-ਜੋਤਿ-ਕਿਰਣੀ-ਗੋਬਿੰਦ ਚਰਨਾਂ ਨੂੰ ਆਪਣੇ ਅੰਦਰਿ ਸੰਮ੍ਹਾਲ ਕੇ ਰਖਦੇ ਹਨ। ਬਾਹਰੋਂ ਧੰਦਿਆਂ ਤੋਂ ਫ਼ਾਰਗ ਹੋ ਕੇ ਜਦੋਂ ਘਰਿ ਆਉਂਦੇ ਹਨ, ਓਦੋਂ ਭੀ ਗੋਬਿੰਦ ਨਾਮ ਪ੍ਰਤਿਬਿੰਬਤੀ ਚਰਨਾਂ ਨੂੰ ਹਿਰਦੇ ਵਿਚਿ ਸਮ੍ਹਾਲੀ ਹੀ ਨਾਲ ਲੈ ਕੇ ਆਉਂਦੇ ਹਨ, ਕਿਉਂਕਿ ਵਾਹਿਗੁਰੂ ਨਾਮ ਦਾ ਜਾਪ ਹਰ ਦਮ ਸੰਤ ਜਨਾਂ ਦੇ ਸੁਆਸ ਸੁਆਸ ਅਤੇ ਰੋਮ ਰੋਮ ਵਿਚ ਰਚਿਆ ਰਹਿੰਦਾ ਹੈ ਅਤੇ ਉਹਨਾਂ ਦਾ ਮਨੁ ਤਨੁ ਖਿਨ ਖਿਨ ਰਾਮ-ਰੰਗਾਂ ਵਿਚ ਹੀ ਰੱਤਿਆ ਰਹਿੰਦਾ ਹੈ। ਇਹ ਓਹਨਾਂ ਉਤੇ ਗੁਰੂ ਦੀ ਅਪਾਰ ਕਿਰਪਾ ਹੈ ਕਿ ਖਿਨ ਮਾਤਰ ਭੀ ਨਾਮ ਓਹਨਾਂ ਨੂੰ ਨਹੀਂ ਵਿਸਰਦਾ, ਸੋ ਗੁਰੂ ਦੇ ਪ੍ਰਸਾਦਿ ਕਰਕੇ ਓਹ ਭਵ-ਸਾਗਰ ਤੋਂ ਸੁਖੈਨ ਹੀ ਪਾਰ ਉਤਰ ਜਾਂਦੇ ਹਨ ਅਤੇ ਓਹਨਾਂ ਦੇ ਜਨਮ ਜਨਮਾਂਤਰਾਂ ਦੇ ਕਿਲਵਿਖ ਪਾਪ ਰੋਗ ਸਭਿ ਦੂਰ ਹੋ ਜਾਂਦੇ ਹਨ। ਭਗਵੰਤ ਦੇ ਨਾਮ ਦੀ (ਸੁਰਤਿ-ਸ਼ਬਦ ਦੀ) ਸੋਭਾ ਅੱਤ ਨੀਕੀ ਹੈ, ਅਤੇ ਪੂਰੇ ਸਤਿਗੁਰੂ ਦੁਆਰਿਓਂ ਪ੍ਰਾਪਤ ਹੋਏ ਗੁਰਮੰਤਰ ਦੀ ਅਮਿਤ ਵਡਿਆਈ ਹੈ। ਚਰਨ ਕੰਵਲ ਮਉਜਾਰੀ ਸੰਤ ਜਨਾਂ ਦਾ ਚਰਨ ਕੰਵਲਾਂ ਦੇ ਰੰਗਾਂ ਵਾਲਾ ਵਿਰਦ ਜਾਪ ਇਸ ਬਿਧਿ ਸਦ ਸਦਾ ਹੀ ਬਣਿਆ ਰਹਿੰਦਾ ਹੈ। ਓਹ ਹਿਰਦੇ ਵਿਖੇ ਚਰਨ ਕੰਵਲਾਂ ਦੇ ਰੰਗਾਂ ਨੂੰ ਗਾਂਵਦੇ ਹੋਏ ਚਰਨ ਕੰਵਲਾਂ ਦੀ ਸੋਭਾ ਨੂੰ ਪੇਖਿ ਪੇਖਿ ਵਿਗਸਾਉਂਦੇ ਬਿਸਮਾਉਂਦੇ ਹਨ ਅਤੇ ਵਿਗਾਸ ਵਿਗਾਸਨੀ, ਆਤਮ-ਰਹਸਨੀ, ਬਿਸਮ ਸਰਸਨੀ, ਅਵਸਥਾ ਵਿਚ ਅਨੰਦ, ਬਿਨੋਦ, ਕੇਲ ਕਰਦੇ ਹੋਏ ਭੀ ਰਿਦ-ਰਮਨੜੇ ਸਦ ਜੀਵਨ-ਜੁਗਤ-ਪਰਤਾਪੀ ਚਰਨ ਕੰਵਲਾਂ ਦਾ ਵਿਰਦ ਜਾਪ ਕਰਦੇ ਹੀ ਰਹਿੰਦੇ ਹਨ, ਰੁਕਦੇ ਥੰਮਦੇ ਨਹੀਂ। ਇਹ ਵਾਰਿਗੁਰੂ ਦੇ ਚਰਨ ਕੰਵਲਾਂ ਦਾ ਹਿਰਦੇ ਵਿਚ ਧਾਰਨਾ ਹੈ। ਸੋ ਚਰਨ ਕੰਵਲਾਂ ਦੀ ਮਉਜ ਮਾਨਣਹਾਰੇ ਗੁਰਮੁਖਿ ਪਿਆਰੇ ਇਸ ਬਿਧਿ ਸਦਾ ਹੀ ਪ੍ਰਭੂ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਖੇ ਧਾਰੀ ਰਖਦੇ ਹਨ। ਇਹ ਪੂਰਨ ਬਿਧੀ ਪੂਰੇ ਸਤਿਗੁਰ ਦੇ ਦੁਆਰਿਓਂ ਪ੍ਰਾਪਤ ਹੁੰਦੀ ਹੈ, ਜੋ ਧਾਰਨ ਕਰਨ ਵਾਲਿਆਂ ਦਾ ਪੂਰਨ ਨਿਸਤਾਰਾ ਕਰ ਦਿੰਦੀ ਹੈ। ਯਥਾ ਗੁਰਵਾਕ:- ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥੬੯॥

[ਗਉੜੀ ਮਹਲਾ ੫, ਪੰਨਾ ੧੯੩

ਇਹ ਚਰਨ ਕੰਵਲਾਂ ਨੂੰ ਉਰਿਧਾਰਨ ਦੀ ਪ੍ਰੀਤਿ-ਰੀਤਿ ਕੇਵਲ ਗੁਰਮੁਖਿ ਸੰਤ ਜਨਾਂ ਦੇ ਮਨਾਂ ਵਿਚ ਹੀ ਪੁੜੀ ਹੋਈ ਹੁੰਦੀ ਹੈ। ਉਨ੍ਹਾਂ ਨੂੰ ਇਸ ਚਰਨ ਕੰਵਲ ਪ੍ਰੀਤਿ-ਰੀਤਿ ਬਾਝੋਂ ਹੋਰ ਦੁਤੀਆ ਭਾਵ ਦੀ ਬਿਪ੍ਰੀਤ ਅਨੀਤ ਭਾਉਂਦੀ ਹੀ ਨਹੀਂ। ਯਥਾ ਗੁਰਵਾਕ:-

ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ ॥



www.AKJ.Org

ਦੂਤੀਆ ਭਾਉ ਬਿਪਰੀਤਿ ਅਨੀਤ ਦਾਸਾ ਨਹ ਭਾਵਏ ਜੀਉ ॥
ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ ॥
ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ ॥੧॥

[ਛੰਤ ਸਿਰੀ ਰਾਗ ਮਹਲਾ ੫, ਪੰਨਾ ੮੦

ਇਸ ਗੁਰਵਾਕ ਅਨੁਸਾਰ ਚਰਨ ਕੰਵਲ ਦੇ ਭਉਰਿਆਂ ਨੂੰ, ਬਿਨਾਂ ਚਰਨ ਕੰਵਲ ਦੇ ਦਰਸ਼ਨਾਂ ਦੇ ਹੋਰ ਕੁਛ ਭਾਉਂਦਾ ਹੀ ਨਹੀਂ। ਓਹਨਾਂ ਨੂੰ ਏਹਨਾਂ ਦਰਸ਼ਨਾਂ ਬਿਨਾਂ ਇਕ ਖਿਨ ਭੀ ਧੀਰਜ ਨਹੀਂ ਆਉਂਦੀ। ਧੀਰਜ ਆਵੇ ਤਾਂ ਕਿਵੇਂ ਆਵੇ ? ਤਾਂਹੀ ਤੇ ਉਹ ਚਰਨ-ਕੰਵਲ-ਦਰਸ-ਪਰਤਾਪੀ-ਨਾਮ ਦੇ ਜਾਪ ਵਿਚ ਖਿਨ ਖਿਨ ਜੁਟੇ ਰਹਿੰਦੇ ਹਨ, ਜਿਸ ਤੋਂ ਬਿਹੂਨ ਇਕ ਛਿਨ ਵਿਚ ਹੀ ਓਹਨਾਂ ਦਾ ਤਨ, ਮਨ ਪ੍ਰਾਨ ਹੀਣਾ ਖੀਣਾ ਹੋ ਜਾਂਦਾ ਹੈ, ਜਿਵੇਂ ਕਿ ਜਲ ਬਿਹੂਨ ਮਛਲੀ ਦਾ ਮਰਨਾ ਹੁੰਦਾ ਹੈ, ਤਾਂ ਹੀ ਤਾਂ ਚਰਨ ਕੰਵਲ ਦੇ ਮਉਜੀ ਸੰਤ ਜਨ ਹਰ ਦਮ ਇਹੋ ਲੋਚਦੇ ਰਹਿੰਦੇ ਹਨ ਕਿ ਆਦਿ ਅੰਤ ਸਦ-ਸਦਾ ਚਰਨ ਕੰਵਲਾਂ ਦੀ ਮਉਜ ਹੀ ਮਾਣਦੇ ਰਹੀਏ।

ਯਥਾ ਗੁਰਵਾਕ:– ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥

[ਸਲੋਕ ਕਬੀਰ ਜੀ, ਪੰਨਾ ੧੩੭੦

ਪੁਨਾ– ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥੧॥

[ਦੇਵ ਗੰਧਾਰੀ ਮ: ੫, ਪੰਨਾ ੫੩੪

ਇਸ ਮਉਜ ਦਾ, ਚਰਨ ਕੰਵਲ ਦੀ ਮਉਜ ਦਾ ਅਨੁਮਾਨ ਕੋਈ ਕੀ ਲਾ ਸਕਦਾ ਹੈ ? ਕਥਨ ਕਹਿਣ ਤੋਂ ਅਗੋਚਰੀ ਹੈ, ਸੋਭਾ ਚਰਨ ਕੰਵਲ ਕੀ ਮਉਜ ਦੀ। ਜਿਸ ਪ੍ਰਥਾਇ ਇਹ ਗੁਰਵਾਕ ਹੈ :–

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥

'ਕਹਿਬੇ ਕਉ ਸੋਭਾ' ਇਸ ਕਰਕੇ ਨਹੀਂ, ਕਿ ਸੋਭਾ ਕਹੀ ਹੀ ਨਹੀਂ ਜਾ ਸਕਦੀ ਹੈ, ਬਲਕਿ ਇਸ ਕਰਕੇ ਕਿ ਕਥਨ ਦੀ ਪ੍ਰੱਖ ਹੀ ਨਹੀਂ। ਚਰਨ ਕੰਵਲ ਦੀ ਮਉਜ ਆਨੰਦੀ ਸੋਭਾ ਕੇਵਲ ਲਖੀ ਪੇਖੀ ਹੀ ਪਰਵਾਨ ਹੈ। ਕਥੀ ਵਰਨੀ ਨਹੀਂ ਜਾ ਸਕਦੀ। ਜੇ ਕੋਈ ਕਹੇ ਤਾਂ ਭਲਾ ਕੀ ਅਨੁਮਾਨ ਸਦਰਸਤਾ ਦੇ ਕੇ ਕਹੇ ਵਰਨੇ ? ਇਸ ਸੋਭਾ ਦੇ ਸਦਰਸ ਸੋਭਾ ਹੋਰ ਜੋ ਕੋਈ ਨਾ ਹੋਈ ! ਅੱਖੀਆਂ ਦੇ ਵਿਸ਼ੇ ਵਾਲੀ ਸੋਭਾ ਸੁੰਦਰਤਾ, ਉਚੀ ਤੋਂ ਉਚੀ ਸੋਭਾ ਸੁੰਦਰਤਾ ਇਸ ਅਲੌਕਿਕ ਸੋਭਾ ਸੁੰਦਰਤਾ ਨੂੰ ਰਾਈ ਸਮਾਨ ਭੀ ਨਹੀਂ ਪੁਜ ਸਕਦੀ। ਤ੍ਰੈਗੁਣੀ ਗੁਣਾਂ ਦੀ ਕੋਈ ਭੀ ਸੋਭਾ ਸੁੰਦਰਤਾ, ਇਸ ਸੋਭਾ ਸੁੰਦਰਤਾ ਦੇ ਲਵੇ ਨਹੀਂ ਲਗ ਸਕਦੀ। ਚਰਨ ਕੰਵਲ ਮੌਜਜ਼ਾਨੀ ਸੋਭਾ ਨੂੰ ਮਾਨਣਹਾਰਾ, ਚਰਨ ਕੰਵਲਾਂ ਦੀ ਸੁੰਦਰਤਾ ਨੂੰ ਪੇਖ ਕੇ ਬਸ ਵਾਹੁ ਵਾਹੁ ਕਹਿੰਦਾ ਹੀ ਬਿਸਮਾਦ ਹੋ ਜਾਵੇਗਾ, ਚਰਨ ਕੰਵਲ ਕੀ ਮਉਜ ਦਾ ਆਨੰਦ ਰਸ ਮਾਣਦਾ ਹੋਇਆ ਉਹ ਗੂੰਦਾ ਅਤੇ ਗੂੰਗਾ ਹੋ ਜਾਏਗਾ। ਸਿਵਾਏ 'ਆਹ ! ਹਾ' ਆਖਣ ਦੇ, ਯਾ 'ਵਾਹ' ਵਿਸਮਾਦੀ ਅੱਖਰ ਭਾਖਣ ਦੇ ਓਹ ਹੋਰ ਕੋਈ ਭੀ ਕਥਨੀ ਬਦਨੀ ਕਰਨੋਂ ਅਸਮਰਥ ਰਹੇਗਾ. ਏਥੇ ਨਾ ਕੋਈ ਉਦਾਹਰਨ ਦਿਤਾ ਜਾ ਸਕਦਾ ਹੈ, ਨਾ ਕੋਈ ਅਲੰਕਾਰ ਬੰਨ੍ਹਿਆ ਜਾ ਸਕਦਾ ਹੈ। ਪੇਖਣ ਪਰਖਣਹਾਰੇ ਤੋਂ ਭੀ ਨਹੀਂ ਬੰਨ੍ਹਿਆ ਜਾ ਸਕਦਾ, ਤਾਂ ਅਨੁਮਾਨ ਲਾਉਣ ਵਾਲਿਆਂ ਤੋਂ ਕੀ ਕਥਿਆ ਵਰਨਿਆ ਜਾ ਸਕਦਾ ਹੈ। ਬਸ, ਇਹ ਤਾਂ ਪੇਖਾ ਹੀ ਪਰਵਾਣ ਹੈ। [ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ



www.AKJ.Org

# ਗੁਰਮਤਿ ਨਾਮ ਤੇ ਕਿਰਤਮ ਨਾਮ (੨)

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## ੪. ਅਕਾਲ ਪੁਰਖ ਦੀ ਤੱਤ ਲਖਤਾ–

ਸਰਬ ਵਿਆਪਕ ਅਕਾਲ ਪੁਰਖ ਪਰਮਾਤਮਾ ਦੀ ਸਰਬ ਵਿਆਪਕਤਾ ਦੀ ਤੱਤ ਲਖਤਾ ਕੇਵਲ ਜੋਤਿ-ਜਗੰਤੀ ਗੁਰਮੁਖਿ ਜੋਤਿ-ਪ੍ਰਗਟੀਸ਼ਰਾਂ ਨੂੰ ਹੀ ਹੁੰਦੀ ਹੈ। ਉਂਜ ਭਾਵੇਂ ਹਰ ਕੋਈ ਆਖ ਦੇਂਦਾ ਹੈ ਤੇ ਅਨੁਮਾਨ ਕਰ ਲੈਂਦਾ ਯਾ ਅਨੁਮਾਨ ਮਾਤ੍ਰ ਲੱਖਣ ਲਾ ਲੈਂਦਾ ਹੈ ਕਿ ਪਰਮਾਤਮਾ ਸਾਰੇ ਹੀ ਵਿਆਪਕ ਹੈ। ਵੇਦਾਂਤੀ ਤਾਂ ਏਸ ਅਨੁਮਾਨਕ ਬੂਝ ਬੁਝੱਕੜਤਾ ਨੂੰ ਹੀ ਬ੍ਰਹਮ ਗਿਆਨ ਬਣਾਈ ਫਿਰਦੇ ਹਨ। ਤੈਸੇ ਹੀ ਮਨ-ਉਕਤ ਸਿਮਰਨ ਦੀਆਂ ਡੀਂਗਾਂ ਭਾਵੇਂ ਹਰ ਕੋਈ ਮਾਰਦਾ ਫਿਰੇ, ਪਰ ਵਾਸਤਵ ਵਿਚ ਤੱਤ-ਸਿਮਰਨ ਧੁਰੋਂ ਵਰੋਸਾਏ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੈ। ਜੋਤਿ-ਪ੍ਰਗਟੰਤਰੀ ਗੁਰਮੁਖ ਜਨਾਂ ਨੂੰ ਘਟ ਘਟ ਅੰਤਰ ਹੀ ਜੋਤਿ-ਜਗੰਨੀਆਂ ਲਿਸ਼ਕਾਂ ਪੈਂਦੀਆਂ ਦਿਸਦੀਆਂ ਹਨ। ਪਰ ਵਾਸਤਵ ਵਿਚ ਸਾਰੇ ਘਟ ਹੀ ਜੋਤਿ-ਜਗੰਤਰੀ ਨਹੀਂ ਹੁੰਦੇ। ਘਟ-ਜੋਤਿ-ਜਗੰਤਰੀ ਗੁਰਮੁਖਿ ਜਨਾਂ ਨੂੰ ਭੀ ਦੂਜੇ ਘਟਾਂ ਅੰਦਰਿ ਭਾਵੇਂ ਜੋਤਿ-ਜਗੰਨਵੀ ਦੀਵੇ ਟਿਮ-ਟਿਮਾਉਂਦੇ ਅਤੇ ਲੱਸ ਲੱਸ ਕਰਦੇ ਦਿਸਦੇ ਹਨ, ਪਰ ਉਨ੍ਹਾਂ ਨੂੰ ਤਿਨ੍ਹਾਂ ਘਟਾਂ ਅੰਦਰਿ ਜੋਤਿ-ਅਛਾਦਨੀ ਛਉੜਾਂ, ਭਰਮ-ਭੀਤਨੀ-ਕਿਵਾੜ ਜੜੇ ਹੋਏ ਭੀ ਸਾਫ਼ ਸ਼ੱਫ਼ਾਫ਼ ਨਜ਼ਰ ਆਉਂਦੇ ਹਨ, ਕਿਉਂਕਿ ਤਿਨ੍ਹਾਂ ਘਟ-ਹਟੜੀ-ਮਤਾਂ ਨੂੰ ਅਜੇ ਖ਼ੁਦ ਘਟ-ਜੋਤਿ-ਵਿਗਾਸ ਨਹੀਂ ਹੋਇਆ ਹੁੰਦਾ ਅਤੇ ਇਹ ਘਟ-ਜੋਤਿ-ਅਛਾਦਨੀ ਛਉੜ, ਬਿਨਾਂ ਗੁਰਸ਼ਬਦ (ਗੁਰਮੰਤ੍ਰ–ਸਤਿਨਾਮ) ਦੀ ਕਮਾਈ ਦੇ ਕੱਟੇ ਨਹੀਂ ਜਾ ਸਕਦੇ, ਮਨ-ਉਕਤ ਉਹ ਭਾਵੇਂ ਕਿਤਨਾ ਹੀ 'ਰਾਮ ਰਾਮ' 'ਹਰਿ ਹਰਿ' ਕਰਦੇ ਰਹਿਣ ਦਾ ਯਤਨ ਕਰਨ। ਸਤਿਨਾਮ ਗੁਰਮੰਤ੍ਰ ਦੇ ਸਿਮਰਨਹਾਰੇ ਘਟ-ਜੋਤਿ-ਸ਼ਬਦ-ਦੀਪਕੀ ਗੁਰਮੁਖਿ ਜਨਾਂ ਨੂੰ ਹੀ ਵਾਸਤਵ ਵਿਚ ਸਾਰੇ ਖੰਡਾਂ ਮੰਡਲਾਂ ਬ੍ਰਹਿਮੰਡਾਂ ਅੰਦਰ, ਧਰਨਿ ਅਕਾਸ਼ ਸਸੀਅਰ ਸੂਰ ਨਖੱਤ੍ਰਾਂ ਅੰਦਰ, ਪਉਣ ਪਾਣੀ ਬੈਸੰਤਰ ਅੰਦਰ, ਦੀਪਾਂ ਲੋਆਂ ਪਾਤਾਲਾਂ ਪੁਰੀਆਂ ਅੰਦਰ, ਸਗਲੀਆਂ ਖਾਣੀਆਂ ਬਾਣੀਆਂ ਤ੍ਰੈਗੁਣ-ਮੁਖਾਣੀਆਂ ਅੰਦਰ, ਸਰਬੱਤਰ ਪਸੂ ਪੰਖੀ ਸਾਖ-ਲਤਾਬਲੀਆਂ ਅੰਦਰ, ਸੂਖਮ ਸਥੂਲ ਸਭ ਜੰਤਾਂ ਅੰਦਰ, ਪਰਗਟ ਸਗਲੇ ਭਵਨਾਂ ਅੰਦਰ, ਸਾਰੇ ਸਤਿਨਾਮ ਦਾ ਗੁਰਮਤਿ-ਸਿਮਰਨ-ਜਾਪ ਹੁੰਦਾ ਸ੍ਰਵਣਿ ਹੁੰਦਾ ਹੈ। ਹੋਰ ਕੋਈ ਇਹ ਸਾਰੀਆਂ ਵਿਅਕਤੀਆਂ ਵਾਸਤਵ ਵਿਚ ਤੱਤ-ਸਿਮਰਨ ਨਹੀਂ ਕਰ ਰਹੀਆਂ ਹੁੰਦੀਆਂ। ਮਨ-ਉਕਤੀ ਬੋਲ-ਬਾਣੀਆਂ ਦੀ ਬਰੜਾਟ ਤੱਤ-ਸਿਮਰਨ ਥੋੜੇ ਬਣ ਚਲਿਆ ਹੈ। ਬੋਲਣਹਾਰ ਬੋਲਦੇ ਪੁਰਸ਼ ਦਾ ਪ੍ਰਾਣ ਚੁੰਭਕੀ ਅਚੰਭਾ ਕੇਵਲ ਨਾਮ ਅਭਿਆਸੀ ਗੁਰਮੁਖਿ ਜਨਾਂ ਨੂੰ ਹੀ ਬਿਸਮਾਦ ਰੂਪ ਹੋ ਕੇ ਪ੍ਰਤੀਤ ਹੁੰਦਾ ਹੈ। ਗੁਰ ਸ਼ਬਦ ਅਭਿਆਸ ਵਿਚ ਸਦਾ ਜੁੜੀ ਹੋਈ ਸੁਰਤੀ ਦੇ ਸੁਰਤੇਸ਼ਰਾਂ ਨੂੰ ਸੌਂ ਸੌਂ ਕਰਦੀ ਰਾਤ ਭੀ ਅਭਿਆਸ ਕਰਦੀ ਹੀ ਪ੍ਰਤੀਤ ਹੁੰਦੀ ਹੈ। ਤੇ ਸ਼ਬਦ-ਅਭਿਆਸ-ਸ਼ਕਤੀ ਤੋਂ ਸੂਨ ਸ਼ੁਸ਼ਕ ਗਿਆਨੀ ਅਨੁਮਾਨ ਮਾਤਰ ਭਾਵੇਂ ਲੱਖਣ ਲਾ ਲੈਣ, ਪਰ ਨਾ ਹੀ ਉਹਨਾਂ ਦੀ ਸੁਰਤ ਜੁੜਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਸੁਆਦ ਆ ਸਕਦਾ ਹੈ।

ਕਰਤੇ ਕੁਦਰਤੀ ਮੁਸਤਾਕ ॥ਰਹਾਉ॥ (੪॥੪॥) ਤਿਲੰਗ ਮ: ੫, ਪੰਨਾ ੭੨੪

ਅਰਥਾਤ ਕਰਤੇ ਪੁਰਖ ਦੇ ਜ਼ਹੂਰ ਨੂੰ ਕੁਦਰਤ ਅੰਦਰ ਹਾਜ਼ਰਾ ਹਜ਼ੂਰ ਪਰਤੱਖ ਪੇਖਣਹਾਰੇ ਸ਼ਬਦ-ਸੁਰਤੀਸ਼ਰ ਗੁਰਮੁਖਿ ਜਨਾਂ ਨੂੰ ਕੁਦਰਤ ਕਾਇਨਾਤ ਦਾ ਇਕ ਇਕ ਜ਼ੱਰਾ ਭੀ ਹੁਸਨਲ ਜਮਾਲ ਜੋਤੀ ਸਰੂਪ ਜਾਨੀਅੜੇ ਵਾਹਿਗੁਰੂ ਦੀਆਂ ਜੋਤਿ-ਜਲਵਨੀ-ਕਿਰਨਾਂ ਨਾਲ ਜਗੰਨ ਹੋਇਆ ਨਜ਼ਰੀ ਆਉਂਦਾ ਹੈ ਅਤੇ ਇਸ ਬਿਸ੍ਵ ਸੰਸਾਰ ਦਾ ਰੇਸ਼ਾ ਰੇਸ਼ਾ ਉਸ ਦੇ ਜੋਤਿ-ਚਾਨਣੇ ਨਾਲ ਹੀ ਰੌਸ਼ਨ ਹੋਇਆ ਦਿਸਦਾ ਹੈ ਅਤੇ ਇਹ ਰੌਸ਼ਨਤਾ (ਰੁਸ਼ਨਾਈ) ਕੋਈ ਸੂਰਜ ਚੰਦ ਜਿਹੇ ਦ੍ਰਿਸ਼ਟਮਾਨ ਚਾਨਣੇ ਜਹੀ ਨਹੀਂ, ਕਿੰਤੂ ਇਸ ਦਿੱਬ-ਜੋਤਿ-ਚਾਨਣੇ ਅੱਗੇ ਕੋਟ ਸੂਰਜਾਂ ਦੇ ਚਾਨਣੇ ਇਕ ਟਟਾਣੇ (ਟਿਟਿਆਣੇ) ਜਿਹੇ ਹੀ ਹਨ। ਏਨ੍ਹਾਂ ਸਾਰਿਆਂ ਚਾਨਣਿਆਂ ਦਾ ਜੋਤਿ-ਚਾਨਣਾ, ਪ੍ਰਕਾਸ਼ਾਂ ਦੇ ਪ੍ਰਕਾਸ਼ ਦਾ ਜੋਤਿ ਚਸ਼ਮਾ, ਅਗੰਮ ਅਦ੍ਰਿਸ਼ਟ ਅਗੋਚਰ ਊਚਾ, ਸਭ ਤੇ ਊਚਾ, ਦ੍ਰਿਸ਼ਟਮਾਨ ਉਚਿਆਈਆਂ ਤੋਂ ਅਤਿ ਊਚਾ, ਸਥੂਲ



www.AKJ.Org

ਦ੍ਰਿਸ਼ਟਿ-ਸ਼ਕਤਿ ਤੋਂ ਅਪਰੰਪਰ, ਅਮਿਤ ਤੇਜ ਸੁੰਦਰਤਾ ਵਾਲਾ, ਤੇਜ ਪ੍ਰਕਾਸ਼ ਵਾਲੀ ਸੁੰਦਰਤਾ ਦਿਖਾ ਕੇ ਬਿਸਮਾਦ ਕਰਨਹਾਰਾ ਮੋਹਨ, ਗੁਰੂ ਵਾਹਿਗੁਰੂ ਪ੍ਰੀਤਮ ਵਡਭਾਗੇ ਗੁਰਮੁਖਾਂ ਨੇ ਸਾਂਗੋ ਪਾਂਗ ਡਿੱਠਾ ਹੈ।

ਸੋ ਤਿਸ ਦ੍ਰਿਸ਼ਯ ਦੀ ਸੋਭਾ ਤਾਂ ਦੇਖੀ ਹੀ ਪਰਵਾਨ ਹੈ, ਕਹਿਬੇ ਕੋ ਸੋਭਾ ਨਹੀਂ, ਪ੍ਰੰਤੂ ਇਸ ਸਾਕਸ਼ਾਤਕਾਰ ਦਾ ਦਰਸਾਰ ਜਦ ਹੁੰਦਾ ਹੈ ਤਾਂ ਗੁਰ ਪ੍ਰਸਾਦਿ ਕਰਕੇ ਹੁੰਦਾ ਹੈ, ਅਤੇ ਹੁੰਦਾ ਗੁਰਮੁਖਾਂ ਨੂੰ ਹੀ ਹੈ। ਹਾਂ ਜੀ ਗੁਰ-ਮੁਖਾਂ ਨੂੰ। ਜੈਸਾ ਕਿ ਇਸ ਗੁਰਵਾਕ ਤੋਂ ਸਪੱਸ਼ਟ ਹੁੰਦਾ ਹੈ :—

ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥
ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ ॥੧॥ਰਹਾਉ॥
ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ ॥
ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ ॥੧॥
ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ ॥
ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂੰਚਾ ॥੨॥੧॥੩੨॥ [ਦੇਵ ਗੰਧਾਰੀ ਮ: ੫,੫੩੪

ਏਸ ਬਿਸਮਾਦ ਰੰਗਾਂ ਵਿਚ ਉਚਰੇ ਹੋਏ ਗੁਰਵਾਕ ਦਾ ਸਿਧਾਂਤ ਨਿਚੋੜ ਇਹ ਹੈ ਕਿ ਜਿਸ ਅਤਿ ਊਚੇ, ਅਗਮ ਅਗੋਚਰ, ਬਹੁ ਬੇਅੰਤ, ਅੱਤ ਗਹਿਰ ਗੰਭੀਰ, ਅਗਾਹ, ਅਥਾਹ, ਅਦੁਤੀ ਪਾਰਬ੍ਰਹਮ, ਬਿਸਮ ਸਰੂਪ ਪ੍ਰੀਤਮ ਵਾਹਿਗੁਰੂ ਦਾ ਪਾਰਾਵਾਰ ਕਿਸੇ ਤੋਂ ਭੀ ਨਹੀਂ ਲਿਆ ਜਾ ਸਕਦਾ, ਜਿਸ ਨੂੰ ਪਹੁੰਚਣ (ਪ੍ਰਾਪਤ ਕਰਨ) ਲਈ ਅਨੇਕ ਅਤੇ ਅਸੰਖ ਮਤ-ਮਤਾਂਤ ਖੋਜ ਖੋਜ ਕੇ ਹਾਰ ਥਕੇ, ਓਹ ਅਤਿ ਪ੍ਰੀਤਮ ਮਨਮੋਹਨਾ, ਘਟ ਸੋਹਨਾ ਵਾਹਿਗੁਰੂ ਕੇਵਲ ਗੁਰ ਪ੍ਰਸਾਦ ਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਉਸ ਨੂੰ ਗੁਰੂ ਵਰੋਸਾਏ, ਗੁਰ ਨਦਰੀ ਨਦਰ ਨਿਹਾਲ ਕੀਤੇ ਗੁਰਮੁਖਿ ਜਨਾਂ ਨੇ ਸਾਂਗੋ ਪਾਂਗ ਪੇਖਿਆ ਹੈ। ਗੁਰਮੁਖਿ, ਕੇਵਲ ਗੁਰਮੁਖਿ ਜਨ ਹੀ ਉਸ ਪਰਮੇਸ਼ਰ ਪਰਮਾਤਮਾਂ ਅਕਾਲ ਪੁਰਖ ਦਾ ਗੁਰ ਕਿਰਪਾ ਦੁਆਰਾ ਸਾਖਸ਼ਾਤ ਦਰਸ਼ਨ ਦੀਦਾਰ ਕਰ ਸਕਦੇ ਹਨ। ਬਿਨਾਂ ਗੁਰੂ ਤੋਂ, ਬਿਨਾ ਸਤਿਗੁਰ ਨਾਨਕ ਨਿਰੰਕਾਰੀ, ਅਰਥਾਤ ਗੁਰੂ ਦੀ ਦੀਖਿਆ, ਗੁਰਮੰਤਰ ਲਏ ਬਾਝੋਂ ਇਸ ਮੰਜ਼ਲ ਨੂੰ ਕੋਈ ਹੋਰ ਨਿਗੁਰਾ ਪੁਰਸ਼ ਨਹੀਂ ਪਹੁੰਚ ਸਕਦਾ। ਜਿਸ ਦੀ ਅਤੁੱਲ ਤੇ ਅਮੁੱਲ ਗੰਮਤਾ ਗੁਰੂ ਬਾਝੋਂ ਨਹੀਂ ਹੋ ਸਕਦੀ, ਉਸ ਨੂੰ ਭਲਾ ਮਨ-ਉਕਤ ਅਤੇ ਅਨੁਮਾਨ ਯੁਕਤ ਰੁੱਤਾਂ (ਰੁਚੀਆਂ) ਦੁਆਰਾ ਕਿਵੇਂ ਪਾਇਆ ਜਾ ਸਕਦਾ ਹੈ? ਸਤਿਗੁਰੂ ਦੀਖਿਆ ਮਈ ਗੁਰਮਤਿ ਜੁਗਤੀਓਂ ਖ਼ਾਲੀ ਨਾਨਾ ਪ੍ਰਕਾਰੀ ਮਨ ਦੀਆਂ ਮਤਾਂ ਉਕਤੀਆਂ ਯੁਕਤੀਆਂ ਵਾਲੇ ਸਿਮਰਨ ਭਾਵੇਂ ਕੋਈ ਲੱਖ ਕਰਦੇ ਫਿਰਨ, ਪਰ ਕਿਸੇ ਲੇਖੇ ਨਹੀਂ। ਗੁਰ-ਦੀਖਿਆ ਤੋਂ ਸੁੰਨ (ਖ਼ਾਲੀ) ਸਿਮਰਨ ਤਾਂ ਅਜ਼ਲ ਤੋਂ ਲਾ ਕੇ ਹੁਣ ਤੀਕ ਕਰਤੇ ਪੁਰਖ ਦੀ ਨਾਨਾ ਪ੍ਰਕਾਰੀ ਰਚਨਾ ਅੰਦਰ ਹੋ ਹੀ ਰਹੇ ਹਨ, ਜਿਹਾ ਕਿ ਗੁਰਵਾਕ ਹੈ :—

ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥
ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥
ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜ ਤੇਤੀਸਾ ॥
ਸਿਮਰਹਿ ਜਖਿ ਦੈਤ ਸਭਿ ਸਿਮਰਹਿ ਅਗਨਤ ਨ ਜਾਈ ਜਸੁ ਗਨਾ ॥੩॥
ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥
ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥੪॥
ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥
ਸਿਮਰਹਿ ਨਰ ਨਾਰੀ ਆਸਰਮਾ ॥ ਸਿਮਰਹਿ ਜਾਤਿ ਜੋਤਿ ਸਭ ਵਰਨਾ ॥


www.AKJ.Org

ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥
ਸਿਮਰਹਿ ਘੜੀ ਮੂਰਤਿ ਪਲ ਨਿਮਖਾ ॥ ਸਿਮਰਹਿ ਕਾਲੁ ਅਕਾਲੁ ਸੁਚਿ ਸੋਚਾ ॥
ਸਿਮਰਹਿ ਸਉਣ ਸਾਸਤ੍ਰ ਸੰਜੋਗਾ **ਅਲਖੁ ਨ ਲਖੀਐ ਇਕੁ ਖਿਨਾ** ॥੭॥
ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥
**ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥੮॥**
ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ **ਗੁਰ ਕਾ ਜਪੁ ਜਪਨਾ ॥**
**ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥੯॥**
**ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥**
**ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥੧੦॥** ਮਾਰੂ ਮ: ੫, ੧੦੭੮-੭੯

ਸਾਰ ਸਿੱਟਾ ਪਿਛਲੀਆਂ ਤੁਕਾ ਅੰਦਰਿ ਹੈ ਅਤੇ ਖਾਸ ਮੋਟੇ ਲਿਖੇ ਅੱਖਰਾਂ ਵਾਲੀਆਂ ਪੰਗਤੀਆਂ ਅੰਦਰ ਹੈ ਕਿ ਭਾਵੇਂ ਪਹਿਲੀਆਂ ਤੁਕਾ ਅੰਦਰ ਵਰਨਣ ਕੀਤੇ ਬ੍ਰਹਮਾ, ਬਿਸ਼ਨ, ਮਹੇਸ਼, ਤੇਤੀਸ ਕਰੋੜ ਦੇਵਤੇ, ਜੱਖ, ਕਿੰਨਰ, ਪਿਸਾਚ ਆਦਿਕ, ਅਨਿਕ ਪ੍ਰਕਾਰੀ ਲੱਖ ਚਉਰਾਸੀ ਜੀਅ ਜੰਤ ਸੁਤੇ ਪਰਵਾਹ ਬੋਲ ਰਟਨ ਅਤੇ ਮਨ-ਉਕਤ ਮੰਤ ਭਾਖਿਆ ਦੁਆਰਾ, ਮਨ-ਉਕਤ ਸਿਮਰਨ ਕਰਦੇ ਹਨ ਅਤੇ ਕਰਦੇ ਚਲੇ ਆ ਰਹੇ ਹਨ, ਪਰ ਇਹ ਕਿਸੇ ਲੇਖੇ ਨਹੀਂ ਪੈਂਦੇ। ਇਸ ਬਿਧੇ ਮਨ-ਉਕਤ ਰਟਨ ਸਿਮਰਨ ਕਰਿ–

"ਅਗਨਤ ਨ ਜਾਈ ਜਸੁ ਗਨਾ" ਅਤੇ "ਅਲਖੁ ਨ ਲਖੀਐ ਇਕ ਖਿਨਾ" ਵਾਲਾ ਸਿੱਟਾ ਹੀ ਨਿਕਲਦਾ ਹੈ। ਅਰਥਾਤ ਮਨ-ਉਕਤ ਕਿਰਤਮ ਨਾਮਾਂ ਦਾ ਜਾਪ ਅਲਖ ਨੂੰ ਲਖਣ ਵਾਲੇ ਗੁਰਮਤਿ ਤੱਤ ਆਦਰਸ਼ ਨੂੰ ਨਹੀਂ ਪੁਜ ਸਕਦਾ ਅਰ ਨਾ ਹੀ ਪ੍ਰਾਪਤ ਕਰਾ ਸਕਦਾ ਹੈ, ਪਰ ਪੂਰੇ ਕਰਮਾਂ ਕਰਕੇ ਜਿਨ੍ਹਾਂ ਗੁਰਮੁਖਾਂ ਨੇ "ਗੁਰ ਕਾ ਜਪੁ ਜਪਨਾ" ਵਾਲਾ ਸਤਿਨਾਮ ਗੁਰਮੰਤ੍ਰ ਜਾਪ ਮਈ ਗੁਰਮਤਿ ਮਾਰਗ ਗ੍ਰਹਿਣ ਕੀਤਾ ਹੈ ਅਤੇ ਇਸ ਬਿਧ ਜਿਸ ਵਡਭਾਗੇ ਗੁਰਮੁਖ ਪਿਆਰੇ ਗੁਰਸਿਖ ਉਪਰ "ਕਰਿ ਕਿਰਪਾ ਜਿਸੁ ਭਗਤੀ ਲਾਵਹੁ" ਵਾਲਾ ਕਿਰਪਾ-ਕਟਾਖਸ਼ ਹੋਇਆ ਹੈ ਉਸ ਨੇ ਹੀ "ਜਨਮੁ ਪਦਾਰਥੁ ਸੋ ਜਿਨਾ" ਦੀ ਗੁਰਪੰਗਤੀ ਦੇ ਭਾਵ ਅਨੁਸਾਰ, ਜਨਮ ਪਦਾਰਥ ਨੂੰ ਜਿੱਤਿਆ ਹੈ ਅਤੇ ਉਸ ਨੇ ਹੀ "ਸਰਬ ਨਿਰੰਤਰਿ ਸੋ ਪ੍ਰਭੁ ਜਾਤਾ" ਦੀ ਗੁਰਵਾਕ ਤੁਕ ਦੇ ਸਾਰ ਭਾਵ ਅਨੁਸਾਰ ਅਲੱਖ ਪ੍ਰਭੂ ਪ੍ਰਮਾਤਮਾ ਨੂੰ ਸਰਬ ਘਟਾਂ ਵਿਖੇ ਅਤੇ ਸਰਬ ਨਿਰੰਤਰ ਰਮਿਆ ਹੋਇਆ ਸਾਖਸ਼ਾਤ ਸਾਂਗੋ ਪਾਂਗ ਲਖਿਆ ਪੇਖਿਆ ਹੈ। ਇਹ ਐਵੇਂ ਕੁਦਰਤ-ਕਦਰਾਲੂਆਂ ਕੁਦਰਤ-ਪ੍ਰਸਤਾਂ (Naturalists) ਦੀ ਸਥੂਲ ਗਿਆਤ, ਇੰਦ੍ਰਿਆਂ ਵਾਲੀ ਅਨੁਮਾਨਕ ਫ਼ਰਜ਼ਾ ਫ਼ਰਜ਼ੀ ਨਹੀਂ, ਬਲਕਿ ਐਨ ਸਾਖਸ਼ਾਤਕਾਰ ਲਖਤਾ ਵਾਲੀ ਦਿੱਬ-ਦਰਸਾਰ ਹੈ। ਜਿਸ ਗੁਰਮੁਖਿ ਜਨ ਦੀ ਗੁਰਮਤਿ ਨਾਮ ਦੀ ਜਾਪ-ਕਲਾ ਦੁਆਰਾ ਅਜਿਹੀ ਦਿੱਬ ਗਿਆਨ ਦ੍ਰਿਸ਼ਟੀ ਖੁਲ੍ਹ ਗਈ ਹੈ ਸੋ "ਬਹੁੜਿ ਨ ਜੋਨੀ ਭਰਮਿ ਰੁਨਾ" ਵਾਲੇ ਲਖ ਚਉਰਾਸੀ ਦੇ ਗੇੜ ਵਿਚ ਪੈ ਪੈ ਕੇ ਤੇ ਭਰਮ ਭਰਮ ਕੇ ਰੋਂਦਾ ਖੁਆਰ ਨਹੀਂ ਹੁੰਦਾ। ਜਿਸ ਦੇ ਮਨ ਅੰਦਰ ਸਤਿਨਾਮ ਗੁਰਮੰਤ੍ਰ ਰੂਪੀ "ਗੁਰ ਕਾ ਸਬਦੁ ਵਸੈ" ਵਸ ਜਾਂਦਾ ਹੈ ਤਿਸ ਦਾ "ਦੂਖ ਦਰਦੁ ਭ੍ਰਮੁ" ਨੱਸ ਜਾਂਦਾ ਹੈ (ਨਾਸ ਹੋ ਜਾਂਦਾ ਹੈ), ਉਸ ਦੀ ਆਤਮ-ਬਿਵਸਥਾ ਸਦਾ "ਸੂਖ ਸਹਜ ਆਨੰਦ ਨਾਮ ਰਜੁ" ਵਿਚ ਮਸਤ ਅਤੇ ਲਿਵਲੀਨ ਰਹਿੰਦੀ ਹੈ, ਅਤੇ ਉਸ ਨੂੰ 'ਅਨਹਦ ਬਾਣੀ' ਮਈ 'ਸਹਜ ਧੁਨਿ' ਆਣ ਉਦੇ ਹੁੰਦੀ ਹੈ। ਇਹ ਬਰਕਤਾਂ ਕੇਵਲ ਗੁਰਮਤਿ ਨਾਮ (ਸਤਿਨਾਮ-ਗੁਰਮੰਤ੍ਰ) ਵਿਚ ਹੀ ਹਨ। ਕਿਰਤਮ ਨਾਮ ਏਨ੍ਹਾਂ ਬਰਕਤਾਂ ਤੋਂ ਬੰਚਤ (ਵਾਂਝਿਆ ਹੋਇਆ) ਹੈ। ਸਿਧ ਸਾਧਕ ਬ੍ਰਹਮੇ ਇੰਦ੍ਰ ਆਦਿਕ ਸਭ ਏਨ੍ਹਾਂ ਬਰਕਤਾਂ ਤੋਂ ਬੰਚਤ ਫਿਰਦੇ ਹਨ, ਕਿਉਂਕਿ ਉਹ ਗੁਰਮਤਿ ਨਾਮ ਤੋਂ ਖ਼ਾਲੀ ਹਨ। ਅਤੇ ਇਹ ਉੱਚ-ਪ੍ਰਮਾਰਥੀ-ਬਰਕਤਾਂ ਕੇਵਲ ਗੁਰਸ਼ਬਦ ਗੁਰਮੰਤ੍ਰ (ਸਤਿਨਾਮ) ਦੇ ਤੁਫ਼ੈਲ ਹੀ ਹੁੰਦੀਆਂ ਹਨ। ਇਸ ਸਬੂਤ ਦੀ ਪ੍ਰੋੜ੍ਹਤਾ ਲਈ ਇਸ ਪ੍ਰਕਾਰ ਦੇ ਅਨੇਕਾਂ ਗੁਰਪ੍ਰਮਾਣ ਗੁਰਬਾਣੀ ਅੰਦਰ ਵਿਦਮਾਨ ਹਨ ;–

ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥


www.AKJ.Org

ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥...

ਸਾਧਿਕ ਸਿਧਿ ਜਿਸੈ ਕਉ ਫਿਰਦੇ । ਬ੍ਰਹਮੇ ਇੰਦ੍ ਧਿਆਇਨਿ ਹਿਰਦੇ ॥

ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥...

ਸਾਚਾ ਸਾਹਿਬੁ ਗੁਰਮੁਖਿ ਜਾਪੈ ॥ ਪੂਰੇ ਗੁਰ ਕੈ ਸਬਦਿ ਸਿਞਾਪੈ ॥

ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥੩੫॥ (ਮਾਝ ਮ: ੫—੨੧੦)

ਇਸ ਗੁਰਵਾਕ ਦਾ ਤੱਤ ਸਾਰ ਭੀ ਓਹੋ ਹੈ ਕਿ ਅਲਖ ਅਗੋਚਰ ਪ੍ਰਭੂ ਭਾਵੇਂ ਘਟ ਅੰਤਰ ਨੇੜੇ ਤੋਂ ਨੇੜੇ ਹੀ ਬਸ ਰਹਿਆ ਹੈ, ਉਹ ਹੋਰ ਕਿਸੇ ਤਰ੍ਹਾਂ ਭੀ ਲਖਿਆ ਨਹੀਂ ਜਾ ਸਕਦਾ, ਲਖਿਆ ਜਾ ਸਕਦਾ ਹੈ ਤਾਂ 'ਗੁਰ ਕੈ ਸਬਦਿ' ਗੁਰਮੰਤ੍ (ਸਤਿਨਾਮ) ਦੁਆਰਾ ਹੀ ਲਖਿਆ ਜਾ ਸਕਦਾ ਹੈ। ਗੁਰਮੰਤ੍ (ਸਤਿਨਾਮ—ਗੁਰਸ਼ਬਦ) ਤੋਂ ਘੁਥੇ ਸਿਧ ਸਾਧਿਕ ਬ੍ਰਹਮੇ ਇੰਦ੍ ਆਦਿਕ ਬਥੇਰੇ ਮਨ-ਉਕਤ ਕ੍ਰਿਤਮ-ਨਾਮੀਏ ਜਾਪ ਜਪਿ ਜਪਿ ਅੰਤਰਿ-ਧਿਆਨ ਹੁੰਦੇ ਫਿਰਦੇ ਹਨ, ਇਸੇ ਤਰ੍ਹਾਂ ਤੇਤੀ ਕਰੋੜ ਦੇਵਤੇ ਭੀ ਖੋਜ ਖੋਜ ਕੇ ਹੰਭ ਰਹੇ ਹਨ, ਪ੍ਰੰਤੂ ਓਹ ਅਲੱਖ ਬਿਧਾਤਾ ਪ੍ਰਭੂ ਪਾਇਆ ਲਖਿਆ ਜਾ ਸਕਦਾ ਹੈ ਤਾਂ ਕੇਵਲ ਗੁਰੂ ਸਤਿਗੁਰੂ ਨੂੰ ਮਿਲ ਕੇ ਹੀ ਪਾਇਆ ਧਿਆਇਆ ਜਾ ਸਕਦਾ ਹੈ। ਨਿਗੁਰੇ ਗੁਰਮੰਤ੍-ਹੀਣਿਆਂ ਦਾ ਧਿਆਨ ਹੀ ਨਹੀਂ ਬੱਝ ਸਕਦਾ। ਉਨ੍ਹਾਂ ਦਾ ਨਾਮ ਧਿਆਉਣਾ ਕੇਵਲ ਪੰਚ ਇੰਦ੍ਰਕ ਮੈਡੀਟੇਸ਼ਨਕ ਖੋਜ ਖਬਤ ਹੀ ਬਣਿਆ ਰਹਿੰਦਾ ਹੈ।

ਗੁਰਮਤਿ ਗੁਰਮੰਤ੍ ਦੀ ਅਭਿਆਸ ਕਮਾਈ ਵਾਲਿਆਂ ਨੂੰ ਹਿਰਦੇ ਅੰਦਰ ਹੀ ਅਲੱਖ ਪਾਰਬ੍ਰਹਮ ਦਾ ਲਖਾਰ ਦਰਸ ਝਲਕਾਰ ਝਲਕ ਆਵੰਦਾ ਹੈ ਅਤੇ ਇਹ ਰਿਦੰਤਰੀ ਦਰਸ-ਲਖਾਰੀ ਝਲਕਾਰ ਸਾਂਗੋ ਪਾਂਗ ਸਨਮੁਖੀ ਦਰਸ਼ਨ ਹੈ। ਏਥੇ ਤਾਂ ਸੱਚਾ ਦਰਸ-ਮਗਨਾਰੀ ਧਿਆਨ ਅੰਦਰ ਉਪਜ ਆਵੰਦਾ ਹੈ। ਸੋ ਏਥੇ ਅੱਖ ਝਮਕਣ ਦੀ ਤਾਬ ਨਹੀਂ। ਏਥੇ ਫੁਰਨੇ ਕੁਫੁਰਨਿਆਂ ਦੀ ਫੁਰਨਾਟ ਉੱਕੀ ਹੀ ਬੰਦ ਹੈ। ਸੱਚਾ ਲਿਵਤਾਰੀ ਧਿਆਨ ਏਥੇ ਹੀ ਬੱਝਦਾ ਹੈ। ਏਥੇ ਸੱਚੇ ਧਿਆਨ-ਲਿਵਤਾਰੀ-ਜਨ ਦਰਸ-ਚਕੋਰ ਬਣ ਕੇ, ਇਕ-ਟਕ ਦਰਸ-ਲਿਵ-ਧਿਆਨੀ ਹੋ ਕੇ ਹਿਰਦੇ ਅੰਦਰ ਹੀ ਦਿਲਦਾਰ-ਦਰਸ ਕਰਤਾਰ ਦੀ ਝਲਕਾਰ ਦਾ ਸਨਮੁਖ ਧਿਆਨ ਧਰਦੇ ਹੋਏ ਗੁਣ ਗਾਉਂਦੇ ਹਨ। ਜਿਸ ਗੁਣ ਗਾਉਣ ਦੀ ਮਹਿਮਾ ਅਪਰ ਅਪਾਰ ਹੈ। ਇਹ ਹੈ ਅਰਥ-ਪ੍ਰਮਾਰਥ ''ਗੁਰ ਮਿਲਿ ਹਿਰਦੈ ਗਾਵਣਿਆ'' ਦਾ।

ਤਾਂ ਤੇ ਸੱਚਾ ਸਾਹਿਬ ਗੁਣੀ ਨਿਧਾਨ ਸਤਿ ਕਰਤਾਰ ਕੇਵਲ ਗੁਰਮੁਖਾਂ ਨੂੰ ਹੀ ਗੁਰਮੰਤ੍ ਦੇ ਤੁਫ਼ੈਲ ਪ੍ਰਗਟ ਪਹਾਰੇ ਜਾਪਦਾ, ਪਰਤੱਖ ਸਾਂਗੋ ਪਾਂਗ ਨਜ਼ਰੀਂ ਆਵੰਦਾ ਹੈ। ਪੂਰੇ ਗੁਰੂ ਦੇ ਪੂਰੇ ਸ਼ਬਦ ਗੁਰਮੰਤ੍ ਦੀ ਅਭਿਆਸ ਕਮਾਈ ਦੇ ਪ੍ਰਤਾਪ ਕਰ ਕੇ ਅੰਤਰਿ ਆਤਮੇ ਸਿਆਣਿਆ ਦਿੱਬ-ਦ੍ਰਿਸ਼ਟਾਣਿਆ ਜਾ ਸਕਦਾ ਹੈ, ਅਤੇ ਸੱਚੀ ਲਿਵ-ਧਿਆਨ-ਮਗਨਤਾ ਦਾ ਅੰਮ੍ਰਿਤ ਰਸ ਮਾਣਿਆ ਜਾ ਸਕਦਾ ਹੈ। ਜਿਨ੍ਹਾਂ ਨੇ ਇਹ ਲਿਵ-ਧਿਆਨ-ਮਗਨਾਰੀ-ਅਮੀ-ਰਸ ਚਾਖਿਆ ਹੈ, ਸੋਈ ਰਜਿ ਰਜਿ ਅੰਮ੍ਰਿਤ ਦੇ ਗਟਾਕ ਭੁੰਚਿ ਭੁੰਚਿ ਤ੍ਰਿਪਤਾਇ ਅਘਾਇ ਰਹੇ ਹਨ। ਗੁਰਮਤਿ ਨਾਮ ਅਭਿਆਸ ਕਮਾਈ ਵਾਲਿਆਂ ਨੂੰ ਹੀ ਇਹ ਰੰਗ ਲਗਦੇ ਹਨ ਅਤੇ ਉਹਨਾਂ ਦੀ ਹੀ ਘਾਲ ਥਾਇ ਪੈਂਦੀ ਹੈ। ਗੁਰਮਤਿ ਤੋਂ ਘੁੱਥੇ ਅਨਮੱਤ-ਮਤਾਂਤੀ ਕਿਰਤਮ-ਨਾਮੀਏ ਮਨਮਤੀਆਂ ਨੂੰ ਇਸ ਤੱਤ ਵਸਤੂ ਦੀ ਲਖਤਾ ਹੀ ਨਹੀਂ ਹੋ ਸਕਦੀ। ਗੁਰ ਪੂਰੇ ਬਾਝੋਂ ਇਹ ਗੁਰਮਤਿ ਨਾਮ ਰੂਪੀ ਤੱਤ ਅੰਮ੍ਰਿਤ ਪਦਾਰਥ ਪਾਇਆ ਹੀ ਨਹੀਂ ਜਾ ਸਕਦਾ। ਇਸ ਗੁਰਗੰਮ ਭੇਦ ਵਾਲੀ ਤੱਤ ਲਖਤਾ ਤੋਂ ਭਲੀ ਹੋਈ ਲੁਕਾਈ ਨੂੰ, ਸੱਚੀ ਸਿਫਤ ਸਾਲਾਹ ਗੁਰਮਤਿ ਨਾਮ ਦੇ ਤੱਤ ਅਭਿਆਸ ਦਾ ਅਹਿਸਾਸ ਹੀ ਨਹੀਂ, ਵੱਲ ਤਾਂ ਕੀ ਹੋਣਾ ਸੀ। ਸਭ ਐਵੇਂ ਦੇਖਾ-ਦੇਖੀ ਤੇ ਸੁਣਤੇ ਸੁਣਤੀ ਹੀ ਸਤਿ ਪੁਰਖ ਪ੍ਰਮੇਸ਼ਰ ਪਾਰਬ੍ਰਹਮ ਨੂੰ ਆਖ ਆਖ ਕੇ ਸਾਲਾਹੁਣ ਸਿਮਰਨ ਦੇ ਤਰਲੇ ਲੈਂਦੇ ਹਨ। ਏਨ੍ਹਾ ਵਿਚੋਂ ਜਿਨ੍ਹਾ ਉਤੇ ਗੁਰੂ ਕਰਤਾਰ ਦੀ ਨਦਰ ਮੇਹਰ ਹੁੰਦੀ ਹੈ ਉਨ੍ਹਾਂ ਦਾ ਪਰਾਰਬਧੀ ਗੇੜ ਅਨੁਸਾਰ ਗੁਰੂ ਘਰ ਵਿਖੇ ਜਨਮ ਆਣਿ ਹੁੰਦਾ ਹੈ। ਏਸ ਘਰ ਵਿਖੇ ਜਨਮ ਧਾਰ ਕੇ ਅਤੇ ਗੁਰਮੰਤ੍ ਦੀ ਗੁਰਦੀਖਿਆ ਪ੍ਰਾਪਤ ਕਰ ਕੇ ਹੀ ਸੱਚੀ ਸਿਫਤ ਸਾਲਾਹ ਦਾ ਵੱਲ ਆਉਂਦਾ ਹੈ। ਨਹੀਂ ਤਾਂ, ਗੁਰਮਤਿ ਤੋਂ ਗੁਮਰਾਹ ਬਾਣੀ, ਮਨ-ਭਾਉਂਦੀ ਬਾਊ ਬਾਣੀ ਸੁਣਿ ਸੁਣਿ ਕੇ ਆਖ ਵਖਾਣੀ ਜਾਂਦੇ ਹਨ, ਜੋ ਕਿਸੇ ਲੇਖੇ ਨਹੀਂ ਪੈਂਦੀ। ਏਸ ਅਕੱਥ ਕਥਾ ਦੀ ਸੱਚੀ ਸੋਝੀ



www.AKJ.Org

ਉਸ ਗੁਰਮੁਖਿ ਪਿਆਰੇ ਨੂੰ ਪੈਂਦੀ ਹੈ, ਜਿਸ ਨੂੰ ਆਪ ਗੁਰੂ ਅਕਾਲ ਪੁਰਖ ਇਸ ਅਲੱਖ ਅਲੇਖ ਗੁਰਮਤਿ ਭੇਦ ਦੀ ਲਖਤਾ ਕਰਾਏ, ਜੈਸਾ ਕਿ ਇਸ ਅਗਲੇਰੇ ਗੁਰਵਾਕ ਤੋਂ ਨਿਸਚਿਤ ਹੁੰਦਾ ਹੈ :—

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ । ਵਾਦੁ ਵਖਾਣਹਿ ਤਤੁ ਨ ਜਾਣਾ ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥
ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥
ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥
ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥
ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥ [ਮਾਰੂ ਮ: ੧–੧੦੩੨

ਮਨ-ਉਕਤ ਸਿਮਰਨ ਦੀ ਘਾਲ ਕਮਾਈ ਰੂਪੀ ਸੇਵਾ ਘਾਲਨਾ ਬ੍ਰਹਮੇ ਬਿਸ਼ਨ ਮਹੇਸ਼ ਸਾਰਖੇ ਬਥੇਰੇ ਕਰਿ ਕਰਿ ਥਕ ਰਹੇ ਹਨ, ਪਰ ਉਸ ਅਲੱਖ ਅਭੇਵ ਅਕਾਲ ਪੁਰਖ ਦਾ ਭੇਦ ਨਹੀਂ ਪਾ ਸਕੇ । ਜਿਨ੍ਹਾਂ ਅਕਾਲ ਪੁਰਖ ਦੀ ਮਿਹਰ-ਨਦਰਾਲੂਏ ਗੁਰਮੁਖ ਜਨਾਂ ਨੂੰ ਗੁਰਮਤਿ ਨਾਮ ਗੁਰਮੰਤ੍ਰ ਦੀ ਦਾਤਿ ਗੁਰੂ ਸਤਿਗੁਰੂ ਦੇ ਦੁਆਰਿਓਂ ਮਿਲੀ ਹੈ, ਉਹਨਾਂ ਵਡਭਾਗੇ ਪੁਰਖਾਂ ਨੂੰ ਅਲੱਖ ਪਾਰਬ੍ਰਹਮ ਦੀ ਲਖਤਾ ਹੋਈ ਹੈ । ਓਹਨਾ ਦੇ ਅੰਤਰਿ ਆਤਮੇ ਏਕੋ ਗੁਰਮਤਿ ਨਾਮ ਹੀ ਗੁਰ ਕਿਰਪਾ ਕਰਿ ਵਸ ਜਾਂਦਾ ਹੈ, ਅਰਥਾਤ ਦ੍ਰਿੜ੍ਹ ਹੋ ਜਾਂਦਾ ਹੈ । ਜਿਨ੍ਹਾਂ ਨੂੰ ਸੱਚੇ ਸਤਿਗੁਰ ਦੁਆਰਿਓਂ ਸੱਚੀ ਸੋਝੀ ਪ੍ਰਾਪਤ ਹੋਈ ਹੈ, ਓਹੀ ਨਾਮ ਜਪਣ ਮਈ ਸੱਚਾ ਗੁਰਮਤਿ ਭੇਵਿ ਜਾਣਦੇ ਹਨ ਅਤੇ ਓਹੀ ਇਸ ਨਾਮ-ਜਾਪ ਦੀ ਅਭਿਆਸ ਕਮਾਈ ਦੁਆਰਾ ਸੱਚੇ ਨਾਮ ਨੂੰ ਧਿਆਉਣ ਤੇ ਤੱਤ ਨੂੰ ਜਾਣਦੇ ਹਨ ਅਤੇ ਨਾਮ-ਜਾਪ ਅਤੇ ਨਾਮ ਧਿਆਉਣ ਦੇ ਪ੍ਰਤਾਪ ਕਰਿ ਉਹ ਸੱਚੇ ਮਹਲ ਮਈ ਨਿਜ ਘਰ ਵਿਚ ਵਾਸਾ ਪਾਉਂਦੇ ਹਨ । ਸੱਚੀ ਮਹਿਲ-ਪ੍ਰਾਪਤੀ ਕਰ ਕੇ, ਸਨਮੁਖ ਮਹਿਲੀ ਮਹਿਲ ਦੇ ਦਿਦਾਰੇ ਕਰ ਕੇ, ਗੁਣਤਾਸ ਅਭਿਆਸ ਕੀਰਤ ਕਮਾਈ ਦਾ ਸੱਚਾ ਅਨੰਦ ਕੇਵਲ ਉਹਨਾਂ ਨੂੰ ਹੀ ਆਉਂਦਾ ਹੈ । ਯਥਾ ਗੁਰਵਾਕ :–

ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥
ਜਿਨ ਕਉ ਨਦਰਿ ਕਰਹਿ ਤੂੰ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ ॥੧੦॥
ਪੂਰੈ ਸਤਿਗੁਰਿ ਸੋਝੀ ਪਾਈ ॥ ਏਕੋ ਨਾਮੁ ਮੰਨਿ ਵਸਾਈ ॥
ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ ॥੧੧॥ [ਮਾਰੂ ਮ: ੩, ੧੦੫੩-੫੪

''ਮਹਲੁ ਪਾਇ ਗੁਣ ਗਾਹਾ ਹੇ'' ਦੇ ਭਾਵ ਵਾਲਾ ਗੁਰਸਿਖਾਂ ਦਾ ਗੁਣ ਗਾਉਣਾ ਹੀ ਪ੍ਰਵਾਣ ਹੈ । ਮਹਿਲੀ ਮਹਲੁ ਪਾਉਣ-ਹਾਰੀ ਗੁਰਮਤਿ-ਕਲਾ ਤੋਂ ਸਖਣੇ ਅਨਮਤਿ ਅਵਤਾਰੀ ਲਖ ਚਉਰਾਸੀ ਮੇਦਨੀ ਦਾ ਗੁਣ ਗਾਵਣਾ ਥਾਇ ਨਹੀਂ ਪੈਂਦਾ, ਸੋਈ ਭਾਵ ਸੋਦਰ ਦੀ ਪਉੜੀ ਵਿਚ ਪ੍ਰਗਟ ਹੈ । ਦੇਖੋ ਅਕਾਲ ਪੁਰਖ ਨੂੰ ਗਾਵਣਹਾਰੇ ਕਿਤਨੇ ਅਗਿਣਤ ਬੇਅੰਤ ਗਵੱਯੇ ਵਰਨਣ ਕੀਤੇ ਹਨ :–

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ । [ਸੋ ਦਰੁ, ਪੰਨਾ ੮-੯



www.AKJ.Org

ਇਤਨੇ ਕਈ ਲਖ ਕਰੋੜ ਆਪੋ ਆਪਣਾ ਗਾਵਣਾ ਗਾਵੰਦੇ ਹਨ। ਪਰ ਏਨ੍ਹਾਂ ਉਪਰਲੀਆਂ ਤੁਕਾਂ ਤੋਂ ਅਗਲੇਰੀਆਂ ਤੁਕਾਂ ਵਿਚ ਹੁਣ ਸਾਰ-ਸਿਧਾਂਤੀ-ਸਿੱਟਾ ਗੁਰੂ ਸਾਹਿਬ ਇਹ ਉਚਾਰਨ ਕਰਦੇ ਹਨ :-

ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ।
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥

ਇਹੋ ਭਾਵ ਗੁਰੂ ਸਾਹਿਬ 'ਸੋ ਪੁਰਖੁ' ਦੀ ਇਸ ਪਉੜੀ ਵਿਚ ਦਰਸਾਉਂਦੇ ਹਨ :

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥
ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥
ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥
**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥**

[ਸੋ ਪੁਰਖੁ, ਪੰਨਾ ੧੧

ਪਹਿਲੀਆਂ ਚੌਹਾਂ ਤੁਕਾਂ ਦਾ ਤੱਤ-ਸਿਧਾਂਤੀ-ਸਿੱਟਾ ਪਿਛਲੀ ਪੰਜਵੀਂ ਤੁਕ ਵਿਚ ਨਿਰੂਪਨ ਕੀਤਾ ਹੈ, ਗੁਰਮਤਿ ਤੱਤ ਭਗਤੀ ਦੀ ਵਿਲੱਖਣਤਾ ਦਰਸਾਈ ਹੈ ਕਿ ਤਿਨ੍ਹਾਂ ਗੁਰਮੁਖਾ ਦੀ ਭਜਨ ਭਗਤੀ ਹੀ ਦਰਿ ਪ੍ਰਵਾਨ ਪੈਂਦੀ ਹੈ ਜੋ ਗੁਰਮਤਿ ਤੱਤ-ਸਾਰ-ਦਰਸੀ ਅਨਿੰਨ ਭਗਤ ਅਕਾਲ ਪੁਰਖ ਦੇ ਹਨ, ਜੈਸਾ ਕਿ ਏਸ ਗੁਰਵਾਕ ਤੋਂ ਭੀ ਪ੍ਰਗਟ ਹੈ :-

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤਿ ਹਰਿ ਹਰਿ ਜਸੁ ਗਾਵੈ ਰਾਮ ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥
ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥

ਬਿਹਾਗੜਾ ਮ: ੪, ਪੰਨਾ ੫੪੦

ਅਰਥਾਤ, ਗਾਉਣ ਨੂੰ ਤਾਂ ਆਪਣੇ ਆਪਣੇ ਤਰੀਕੇ ਅਨੁਸਾਰ ਸਾਰੇ ਗਾਉਂਦੇ ਹਨ, ਪਰ ਅਸਲ ਗਾਉਣਾ ਉਨ੍ਹਾਂ ਦਾ ਹੀ ਸਫਲਾ ਹੈ ਜਿਨ੍ਹਾਂ ਗੁਰੂ ਦੁਆਰਾ ਭਗਤੀ ਵਿਚ ਮਨ ਲਾਇਆ ਹੈ ਤੇ ਓਹੋ ਹੀ ਅਕਾਲ ਪੁਰਖ ਦੀ ਦਰਗਾਹ ਵਿਚ ਨਿਵਾਜੇ ਜਾਂਦੇ ਹਨ।

ਗੁਰਮਤਿ ਤੱਤ-ਸਾਰ-ਦਰਸੀ ਗੁਰਮੁਖ ਸੰਤ ਭਗਤ ਜਨਾਂ ਨੂੰ ਚਾਤ੍ਰਿਕ, ਮੋਰ, ਮ੍ਰਿਗ, ਮੀਨ, ਪੰਖੇਰੂ ਭੀ ਓਸੇ ਪ੍ਰੀਤਮ ਪ੍ਰਮਾਤਮਾ ਦਾ ਰਾਗ ਅਲਾਪਦੇ ਜਾਪਦੇ ਹਨ, ਵਾਸਤਵ ਵਿਚ ਉਹ ਜਪ ਸਿਮਰਨ ਭਜਨ ਨਹੀਂ ਕਰਦੇ। ਉਨ੍ਹਾਂ ਦੇ ਅੰਤਰ ਬੋਲਣਹਾਰ ਪਰਮ ਗੁਰੂ ਜੋਤਿ ਅੰਸ ਓਹੀ ਉਨ੍ਹਾਂ ਨੂੰ ਪਰਤੱਖ ਪ੍ਰਤੀਤ ਹੁੰਦੀ ਹੈ ਯਥਾ :-

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥੮॥ [ਮਲਾਰ ਮ: ੪-੧੨੬੫

'ਸੋਦਰ' ਤੇ 'ਸੋ ਪੁਰਖ' ਦੇ ਪਹਿਲੇ ਪਉੜਿਆਂ ਵਾਲਾ ਇਹੋ ਗੁਰਮਤਿ ਭਾਵ ਹੀ ਇਸ ਅਗਲੇਰੇ ਗੁਰਵਾਕ ਅੰਦਰਿ ਹੈ :-

ਸਿਧ ਸਮਾਧਿ ਜਪਿਓ ਲਿਵ ਲਾਈ ਸਾਧਿਕ ਮੁਨਿ ਜਪਿਆ ॥ ਜਤੀ ਸਤੀ ਸੰਤੋਖੀ ਧਿਆਇਆ ਮੁਖਿ ਇੰਦ੍ਰਾਦਿਕ ਰਵਿਆ ॥ **ਸਰਣਿ ਪਰੇ ਜਪਿਓ ਤੇ ਭਾਏ ਗੁਰਮੁਖਿ ਪਾਰਿ ਪਇਆ ॥੧॥...**
ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ ॥ ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ ॥ **ਹਰਿ ਹਰਿ ਨਾਮਿ ਜਿਨਾ ਮਨੁ ਭੀਨਾ ਤੇ ਗੁਰਮੁਖਿ ਪਾਰਿ ਪਇਆ ॥੨॥** ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ ॥ ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ ॥ **ਨਾਮੁ ਰਸਾਲੁ ਜਿਨਾ ਮਨਿ ਵਸਿਆ**



www.AKJ.Org

ਤੇ ਗੁਰਮੁਖਿ ਪਾਰਿ ਪਇਆ ॥੩॥ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ ॥ ਗੋਬਿੰਦੁ ਕ੍ਰਿਪਾ ਕਰੇ ਥਾਇ ਪਾਏ ਜੋ ਹਰਿ ਪ੍ਰਭ ਮਨਿ ਭਾਇਆ ॥ ਗੁਰਿ ਧਾਰਿ ਕ੍ਰਿਪਾ **ਹਰਿ ਨਾਮੁ ਦ੍ਰਿੜਾਇਓ ਜਨ ਨਾਨਕ ਨਾਮੁ ਲਇਆ ॥੪॥** [ਮਾਰੂ ਮ: ੪–੯੯੫

ਵਿਆਖਿਆ—ਏਸ ਸ਼ਬਦ ਦੇ ਚੌਹਾਂ ਪਦਿਆਂ ਵਿਚੋਂ ਹਰ ਇਕ ਪਦੇ ਦੀ ਅੰਤਲੀ ਪੰਗਤੀ ਪਹਿਲੀਆਂ ਪੰਗਤੀਆਂ ਵਿਚ ਵਰਨਣ ਕੀਤੇ ਭਾਵ ਦਾ ਸਾਰ ਸਿੱਟਾ ਦਰਸਾਉਂਦੀ ਹੈ।

(੧) ਪਹਿਲੇ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਦਸਦੀਆਂ ਹਨ ਕਿ ਸਿਧਾਂ ਜੋਗੀਆਂ ਨੇ ਬਥੇਰੀਆਂ ਮਨ-ਉਕਤ ਧਿਆਨ-ਸਮਾਧੀਆਂ ਲਾ ਲਾ ਕੇ ਮਨ-ਮੰਨਿਆ ਕਿਰਤਮ ਨਾਮ ਬਥੇਰਾ ਜਪਿਆ ਤੇ ਮਨ ਸਾਧਨਹਾਰੇ ਮੁਨੀਆਂ ਨੇ ਭੀ ਉਸ ਦਾ ਜਾਪ ਜਪਿਆ, ਜਤੀਆਂ ਸਤੀਆਂ ਸੰਤੋਖੀਆਂ ਨੇ ਭੀ ਬਥੇਰਾ ਧਿਆਵਨਾ ਧਿਆਇਆ, ਅਤੇ ਇੰਦ੍ਰ ਆਦਿਕਾਂ ਨੇ ਭੀ ਮੁਖ ਕਰਕੇ ਮੂੰਹ-ਆਇਆ ਨਾਮ ਰਟਨ ਕੀਤਾ, ਪਰ ਤਿਨ੍ਹਾਂ ਨੇ ਹੀ, ਜਦੋਂ ਗੁਰੂ ਦੀ ਸ਼ਰਨੀ ਪੈ ਕੇ ਗੁਰੂ ਤੋਂ ਗੁਰਦੀਖਿਆ ਪ੍ਰਾਪਤ ਕਰ ਕੇ ਗੁਰਮਤਿ ਨਾਮ ਗੁਰਮੰਤ੍ਰ ਨੂੰ ਜਪਿਆ ਤਦੋਂ ਹੀ ਤਿਨ੍ਹਾਂ ਦਾ ਗੁਰਮੁਖਿ ਬਣ ਕੇ ਪਾਰ-ਉਤਾਰਾ ਹੋਇਆ।

(੨) ਸੁਰ ਨਰ ਗਣ ਗੰਧਰਬਾਂ ਨੇ ਭੀ ਮਨ ਥੰਮ ਥੰਮ ਕੇ ਜਪਨਾ ਜਪਿਆ। ਵਿਚਾਰੇ ਰਿਖੀਆਂ ਮਨ-ਭਾਉਂਦੇ ਗੀਤ ਸਤੋਤਰ ਬਣਾ ਕੇ ਤੇ ਵੇਦ-ਮੰਤ੍ਰਾਂ ਦੀਆਂ ਰਿਚੀਆਂ ਪੜ੍ਹ ਪੜ੍ਹ ਕੇ ਨਿਜ ਕਿਰਤਮੀ ਜਸ ਗਾਇਨ ਕੀਤੇ, ਸ਼ਿਵ ਜੀ ਬ੍ਰਹਮਾ ਆਦਿਕ ਦੇਵੀ ਦੇਵਤਿਆ ਨੇ ਭੀ ਨਿਜ ਕਥ, ਉਚਰੇ ਕਿਰਤਮ ਨਾਮ ਰਚਿ ਰਚਿ ਹਰੀ ਪ੍ਰਮਾਤਮਾ ਨੂੰ ਜਪਿਆ। ਪਰ ਓੜਕ ਗੁਰਮਤਿ ਨਾਮ ਪ੍ਰਾਪਤ ਕਰ ਕੇ ਤੇ ਗੁਰਮੁਖ ਬਣ ਕੇ ਹੀ ਗੁਰੂ ਦੁਆਰਾ ਨਾਮ ਗੁਰਮੰਤ੍ਰ ਸੇਤੀ ਓਹਨਾਂ ਦਾ ਹਿਰਦਾ ਭਿਜਿਆ ਅਤੇ ਇਸ ਬਿਧ ਉਨ੍ਹਾਂ ਦਾ ਨਿਸਤਾਰਾ ਹੋਇਆ।

(੩) ਤੇਤੀ ਕਰੋੜ ਦੇਵਤਿਆਂ ਨੇ ਭੀ ਉਸ ਨੂੰ ਕਿਰਤਮ ਨਾਮ ਜਪ ਜਪ ਕੇ ਬਥੇਰਾ ਧਿਆਇਆ, ਪਰ ਉਸ ਅਗੰਮ ਅਗੋਚਰ ਪਾਰਬ੍ਰਹਮ ਪ੍ਰਭੂ ਪ੍ਰਮਾਤਮਾ ਦਾ ਉਨ੍ਹਾਂ ਅੰਤ ਨਹੀਂ ਪਾਇਆ। ਬੇਦਾਂ ਪੁਰਾਣਾਂ ਸਿਮ੍ਰਤੀਆਂ ਨੇ ਭੀ ਬੇਦਾਂ ਦੁਆਰਾ ਬਥੇਰਾ ਹਰਿ ਹਰਿ ਗਾਇਆ। ਪਰ ਜਿਨ੍ਹਾਂ ਦੇ ਰਿਦੰਤਰ ਗੁਰੂ ਦੁਆਰਾ ਰਸ-ਜੋਤਿ-ਪ੍ਰਕਾਸ਼-ਕਲਾ-ਕ੍ਰਿਸ਼ਮੀ ਪਾਰਸ-ਰੂਪੀ-ਗੁਰਮਤਿ-ਗੁਰਮੰਤ੍ਰ ਵਸ ਰਸ ਗਇਆ, ਤਿਨ੍ਹਾ ਗੁਰਮੁਖਾਂ ਦਾ ਹੀ ਇਸ ਭਵ-ਸਾਗਰ ਤੋਂ ਪਾਰ ਪੈਣਾ ਸੰਭਵ ਹੋਇਆ।

(੪) ਜਿਨ੍ਹਾਂ ਨੇ ਅਨਿਕ ਪ੍ਰਕਾਰੀ ਉਕਤੀਆਂ ਯੁਕਤੀਆਂ ਅਤੇ ਮਨ ਦੇ ਵੇਗ ਤਰੰਗਾਂ ਦੁਆਰਾ ਭਾਂਤ ਭਾਂਤ ਦੇ ਕਿਰਤਮ ਨਾਮਾਂ ਨੂੰ ਜਪਿਆ ਹੈ ਤਿਨ੍ਹਾਂ ਦੀ ਗਿਣਤੀ ਹੀ ਨਹੀਂ ਗਿਣੀ ਜਾ ਸਕਦੀ। ਪਰ ਭਜਨ ਭਗਤੀ ਤਿਨ੍ਹਾਂ ਦੀ ਹੀ ਥਾਇ ਪੈਂਦੀ ਹੈ, ਜਿਨ੍ਹਾਂ ਉਤੇ ਗੁਰੂ ਦੀ ਕਿਰਪਾ ਹੋਵੇ ਤੇ ਜੋ ਪਰਮ ਪੁਰਖ ਪ੍ਰਭੂ ਦੀ ਨਦਰ ਦੇ ਪਾਤ੍ਰ ਹੋ ਗਏ ਹੋਣ। ਅਤੇ ਜਿਨ੍ਹਾਂ ਨੂੰ ਗੁਰੂ ਕਿਰਪਾਲ ਨੇ ਕਿਰਪਾ ਧਾਰ ਕੇ ਗੁਰਮਤਿ ਗੁਰਮੰਤ੍ਰ (ਨਾਮ) ਦ੍ਰਿੜ੍ਹਾ ਦਿਤਾ ਹੋਵੇ। ਬਸ ਜਿਨ੍ਹਾਂ ਨੂੰ ਇਸ ਬਿਧੇ ਹੀ ਗੁਰਮਤਿ ਨਾਮ ਗੁਰੂ ਦੁਆਰਿਓਂ ਦ੍ਰਿੜ੍ਹ ਹੋਇਆ ਤਿਨ੍ਹਾ ਦਾ ਨਾਮ ਜਪਣਾ ਹੀ ਥਾਇ ਪਇਆ ਤੇ ਦਰ ਪਰਵਾਨ ਹੋਇਆ ਹੈ।

ਹਰਿ ਸਿਮਰਨ ਰੂਪੀ ਤੱਤ ਗੁਰਮਤਿ ਸੇਵਾ ਦੇ ਕਰਨਹਾਰ ਸੇਈ ਗੁਰਮੁਖ ਸੇਵਕ ਜਨ ਪ੍ਰਵਾਨ ਹਨ ਜਿਨ੍ਹਾਂ ਨੇ ਕੇਵਲ ਗੁਰਮਤਿ ਨਾਮ ਦੁਆਰਾ ਤੇ ਗੁਰਮਤਿ ਦ੍ਰਿੜ੍ਹਾਏ ਗੁਰਮੰਤ੍ਰ ਦੁਆਰਾ ਇਹ ਤੱਤ ਗੁਰਮਤਿ ਸਿਮਰਨ ਰੂਪੀ ਸੇਵਾ ਕੀਤੀ ਹੈ। ਜੈਸਾ ਕਿ ਨਿਮਨ ਲਿਖਤ ਗੁਰਵਾਕ ਸਿਧ ਕਰਦਾ ਹੈ :–

ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥
ਤਿਨ ਕੇ ਕੋਟਿ ਸਭਿ ਪਾਪ ਖਿਨੁ ਪਰਹਰਿ ਹਰਿ ਦੂਰਿ ਕਰੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜਿਨ ਮਨਿ ਚਿਤਿ ਇਕੁ ਅਰਾਧਿਆ ॥
ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ ਜਿਨ ਗੁਰਬਚਨੀ ਸਚੁ ਭਾਖਿਆ ॥
ਤੇ ਧੰਨੁ ਜਨ ਵਡ ਪੁਰਖ ਪੂਰੇ ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥



www.AKJ.Org

ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥੩॥੨॥ [ਤੁਖਾਰੀ ਮ: ੪, ੧੧੧੪-੧੫

ਗੁਰਮਤਿ ਨਾਮ ਦੇ ਜਪੇ ਬਿਹੂਣ ਕਿਸੇ ਦੀ ਭੀ ਗਤਿ ਮੁਕਤਿ ਨਹੀਂ ਹੋ ਸਕਦੀ। ਪਿਛਲੇ ਜੁਗਾਂਤਰੀ ਜਨਮਾਂ ਦੇ ਅਨਮਤਿ ਅਵਲੰਬੀ ਜਪੀ ਤਪੀ ਜਤੀ ਜੋਗੀ ਸੰਨਿਆਸੀ ਰਿਖੀ ਮੁਨੀ ਤੱਤ ਕਲਿਆਣ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕੇ, ਜੈਸਾ ਕਿ ਇਸ ਪ੍ਰਕਾਰ ਦੇ ਅਨੇਕਾ ਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ :—

ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥੧੦॥ [ਪੰਨਾ ੪੭੮

ਇਸ ਦੇ ਮੁਕਾਬਲੇ ਵਿਚ ਜੋ ਗੁਰਬਾਣੀ ਅੰਦਰ ਇਸ ਪ੍ਰਕਾਰ ਦੇ ਵਾਕ ਆਉਂਦੇ ਹਨ :-

ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥
ਸਨਕ ਸਨੰਦਨ ਤਪਸੀ ਜਨ ਕੇਤੇ ਗੁਰਪਰਸਾਦੀ ਪਾਰਿ ਪਰੇ ॥੧॥੨॥ [ਭੈਰਉ ਮ: ੧, ੧੧੨੫

ਇਨ੍ਹਾਂ ਪ੍ਰਮਾਣਾਂ ਤੋਂ ਸਾਫ਼ ਸਿਧ ਹੋਇਆ ਕਿ ਤਿਨ੍ਹਾਂ ਦਾ ਕਲਿਆਣ ਨਿਸਤਾਰਾ ਜਦ ਭੀ ਹੋਇਆ ਤਾਂ ਗੁਰਮਤਿ ਗੁਰਸ਼ਬਦ (ਗੁਰਮੰਤ੍ਰ) ਦੁਆਰਾ ਤੇ ਗੁਰਪ੍ਰਸਾਦੀ ਹੋਇਆ। ਸਤਿਗੁਰ ਨਾਨਕ ਦੀ ਸ਼ਰਨੀ ਆ ਕੇ ਹੀ ਛੁਟਕਾਰਾ ਹੋਇਆ। ਓਦੋਂ ਤਕ ਉਹ ਜੁਗੋ ਜੁਗ ਜਨਮ ਧਾਰਦੇ ਹੀ ਰਹੇ। ਗੁਰ ਸ਼ਰਨੀ ਆ ਕੇ ਹੀ ਤਿਨ੍ਹਾਂ ਦੀ ਗਤਿ ਮੁਕਤਿ ਤੱਤ ਕਲਿਆਣ ਹੋਈ, ਸਤਿਗੁਰੂ ਦੇ ਗ੍ਰਿਹਿ ਵਿਖੇ ਆ ਕੇ ਜਨਮ ਲੈਣ ਕਰਿ ਹੀ ਉਹਨਾਂ ਦਾ ਆਵਾ ਗਵਨ ਮਿਟਿਆ, ਜੈਸੇ ਕਿ ਭਿਖਾ ਭੱਟ ਬ੍ਰਹਮਾ ਜੀ ਦੇ ਔਤਾਰ ਹੋ ਕੇ ਜਦੋਂ ਗੁਰੂ ਘਰ ਗੁਰ ਸੰਗਤਾਂ ਵਿਚ ਜਨਮ ਧਾਰ ਕੇ ਗੁਰ-ਦੀਖਤ ਹੋਏ ਤਾਂ ਉਹਨਾਂ ਦੀ ਕਲਿਆਣ ਹੋਈ। ਭਿਖਾ ਜੀ ਦੀ ਆਪਣੇ ਮੁਖੋਂ ਹੀ ਗੁਰੂ ਕਲਾ ਕ੍ਰਿਸ਼ਮਤਾ ਦੁਆਰਾ ਉਚਰੀ ਹੋਈ ਬਾਣੀ ਹੀ ਇਸ ਗੱਲ ਦੀ ਸਾਖਾ ਭਰਦੀ ਹੈ :-

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥ [ਸਵਯੇ ਸਹਲੇ ੩ ਕੇ, ੧੩੯੫

ਕਲਿਜੁਗ ਵਿਚ ਸਭ ਜੀਆਂ ਦਾ ਉਧਾਰ ਸਤਿਗੁਰ ਨਾਨਕ ਦੇਵ ਜੀ ਦੇ ਘਰ ਗੁਰਸਿਖੀ ਮੰਡਲ ਵਿਚ ਆ ਕੇ ਹੀ ਹੋਣਾ ਹੈ। ਪਿਛਲੇ ਜੁਗਾਂ ਤੋਂ ਲੈ ਕੇ ਜੋ ਆਵਾਗਉਣ ਦੇ ਗੇੜ ਵਿਚ ਭਰਮਦੇ ਹੁਣ ਤਕ ਸਿਧ, ਮੁਨੀ, ਜਪੀ, ਤਪੀ ਆਦਿ ਫਿਰ ਰਹੇ ਹਨ ਤੇ ਆਮ ਸੰਸਾਰੀ ਜੀਵ ਸਭ ਦਾ ਉਧਾਰ ਨਿਸਤਾਰਾ ਗੁਰਸਿੱਖ ਬਣ ਕੇ ਤੇ ਗੁਰਮਤਿ ਨਾਮ ਦੇ ਅਭਿਆਸੀ ਹੋ ਕੇ ਹੀ ਹੋਣਾ ਹੈ, ਜਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ :-

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਆਨਾ ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥ [ਬਿਲਾਵਲੁ ਮ: ੪-੭੯੭-੯੮

[ਚਲਦਾ] ["ਨਾਮ ਤੇ ਨਾਮ ਦਾ ਦਾਤਾ ਸਤਿਗੁਰੂ" ਪੁਸਤਕ ਵਿਚੋਂ"]



www.AKJ.Org

# ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਗੁਰੂ ਗ੍ਰੰਥ ਸਾਹਿਬ ਨੂੰ ਅਰਦਾਸ ਵਿਚ 'ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ' ਆਖ ਕੇ ਅਭਿਨੰਦਨ ਦਿੱਤਾ ਗਿਆ ਹੈ। ਇਹ ਆਤਮਕ ਜੋਤਿ ਦਰ-ਅਸਲ ਉਸੇ ਇਲਾਹੀ ਸ਼ਬਦ ਨੂੰ ਕਿਹਾ ਗਿਆ ਹੈ ਜੋ ਸਤਿਗੁਰਾਂ ਦੇ ਪਾਵਨ ਹਿਰਦੇ ਵਿਚ ਉਤਰਿਆ ਤੇ ਉਹਨਾਂ ਰਾਹੀਂ ਸੰਸਾਰ ਤੇ ਪਰਗਟ ਹੋਇਆ। ਇਸ ਦੇ ਪਰਗਟ ਰੂਪ ਅਥਵਾ ਬਾਣੀ ਨੂੰ ਇਲਾਹੀ ਦੇਣ ਜਾਣ, ਸਤਿਗੁਰੂ ਆਪਣੀ ਜਾਨ ਨਾਲੋਂ ਵੀ ਪਿਆਰਾ ਕਰ ਸਾਂਭਦੇ ਰਹੇ।

ਸਤਿਗੁਰੂ ਨਾਨਕ ਦੇਵ ਜੀ ਜਦੋਂ ਮੱਕੇ ਸ਼ਰੀਫ ਗਏ, ਤਾਂ ਜਾਪਦਾ ਹੈ, ਦੈਵੀ ਰਚਨਾ ਦੀ ਆਪਣੀ ਪੁਸਤਕ ਉਹਨਾਂ ਕੱਛੇ ਮਾਰੀ ਹੋਈ ਸੀ। ਗ਼ਾਲਬਨ ਇਸੇ ਪੋਥੀ ਵਲ ਹਾਜੀਆਂ ਇਸ਼ਾਰਾ ਕੀਤਾ ਤੇ ਗੁਰੂ ਜੀ ਨੂੰ ਪੁੱਛਿਆ, "ਕਿਰਪਾ ਕਰ ਕੇ ਆਪਣੀ ਕਿਤਾਬ ਖੋਲ੍ਹੋ ਤੇ ਸਾਨੂੰ ਦੱਸੋ, ਹਿੰਦੂ ਧਰਮ ਵੱਡਾ ਹੈ ਕਿ ਇਸਲਾਮ ?"*

ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਆਪਣੀ ਇਹ ਪੋਥੀ ਗੁਰੂ ਬਾਬੇ ਨੇ ਆਪ ਗੁਰੂ ਅੰਗਦ ਸਾਹਿਬ ਦੇ ਹਵਾਲੇ ਕੀਤੀ ਤੇ ਅੱਗੋਂ ਉਹਨਾਂ ਆਪਣੀਆਂ ਰਚਨਾਵਾਂ ਸਣੇ, ਇਹ ਪੋਥੀ ਗੁਰੂ ਅਮਰਦਾਸ ਸਾਹਿਬ ਦੇ ਸਪੁਰਦ ਕੀਤੀ ਜਾਪਦੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਇਹ ਪੋਥੀਆਂ ਸਣੇ ਗੁਰੂ ਜੀ ਦੀਆ ਆਪਣੀਆਂ ਪੋਥੀਆਂ ਦੇ ਉਹਨਾਂ ਦੇ ਜੇਠੇ ਸਪੁੱਤਰ ਬਾਬਾ ਮੋਹਨ ਜੀ ਪਾਸ ਚਲੀਆਂ ਗਈਆਂ।†

ਬਾਬਾ ਮੋਹਨ ਜੀ ਪਾਸੋਂ ਇਹ ਪੋਥੀਆਂ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੬੦ ਵਿਚ ਪ੍ਰਾਪਤ ਕੀਤੀਆਂ ਤੇ ਸਣੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੀ ਤੇ ਆਪਣੀ ਰਚਨਾ ਦੇ ਸਾਰੀ ਬਾਣੀ ਨੂੰ ਇਕਥੇ ਇਕ ਜਿਲਦ ਵਿਚ ਇਕੱਠਿਆਂ ਕਰਵਾਇਆ। ਇਹ ਕਾਰਜ ਗੁਰੂ ਜੀ ਦੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਨੇ ਰਾਮਸਰ (ਅੰਮ੍ਰਿਤਸਰ) ਦੇ ਕਿਨਾਰੇ ਬੈਠ ਕੇ ਲਗਾਤਾਰ ਮੇਹਨਤ ਨਾਲ ਮੁਕੰਮਲ ਕੀਤਾ। ਬੀੜ ਦੇ ਸੰਪੂਰਨ ਹੋਣ ਤੇ ਗੁਰੂ ਜੀ ਨੇ ਇਸ ਨੂੰ ਹਰਿਮੰਦਰ ਸਾਹਿਬ ਵਿਚ ਸਥਾਪਿਤ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।...ਜਿੱਚਰ ਮਹਾਰਾਜ ਦਾ ਪੰਜ-ਭੌਤਕ ਚੋਲਾ ਰਿਹਾ, ਆਪ 'ਪੋਥੀ ਸਾਹਿਬ' ਨੂੰ ਪੀੜ੍ਹੇ ਉਪਰ ਸਥਾਨ ਦੇਂਦੇ ਤੇ ਆਪ ਅਦਬ ਵਜੋਂ ਕੋਲ ਭੁੰਞੇ ਨੀਵੀਂ ਥਾਂ ਸੌਂਦੇ ਰਹੇ।

ਇਉਂ ਗੁਰੂ ਗ੍ਰੰਥ ਸਾਹਿਬ ਨੂੰ ਇਕ ਤਰ੍ਹਾਂ ਨਾਲ ਗੁਰਤਾ ਤਾਂ ਓਦੋਂ ਹੀ ਪ੍ਰਾਪਤ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਪਾਵਨ ਬੀੜ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰ ਕੇ ਇਸ ਨੂੰ ਮੌਜੂਦਾ ਰੂਪ ਦਿੱਤਾ। ਫਿਰ ਜੋਤੀ ਜੋਤਿ ਸਮਾਉਣ ਸਮੇਂ ਉਹਨਾਂ ਨਿਯਮਿਤ ਢੰਗ ਨਾਲ ਗੁਰਤਾ ਦੀ ਮੁਹਰ ਕਿਸੇ ਦੇਹਧਾਰੀ ਜਾਨਸ਼ੀਨ ਦੀ ਥਾਂ 'ਸ਼ਬਦ ਗੁਰੂ' ਤੇ ਲਾ ਕੇ ਦੇਹਧਾਰੀ ਗੁਰਤਾ ਦਾ ਸਿਲਸਿਲਾ ਸਮਾਪਤ ਕਰ ਦਿੱਤਾ।

ਇਸ ਦੇ ਬਾਵਜੂਦ, ਕੁਝ ਸੰਪ੍ਰਦਾਵਾਂ (ਜਿਹਾ ਕਿ ਨਾਮਧਾਰੀ, ਨਿਰੰਕਾਰੀ ਆਦਿ) ਅਜਿਹੀਆਂ ਹਨ ਜੋ ਅਗਿਆਨ-ਵੱਸ ਹਾਲੇ ਵੀ ਦੇਹ-ਧਾਰੀ ਗੁਰੂ ਨੂੰ ਪਰਵਾਨ ਕਰਦੀਆਂ ਹਨ ਤੇ ਗੁਰਤਾ ਦਾ ਸਿਲਸਿਲਾ ਦਸਮ ਪਾਤਸ਼ਾਹ ਨਾਲ ਖ਼ਤਮ ਹੋਇਆ ਨਹੀਂ ਮੰਨਦੀਆਂ। ਇਸ ਲਈ ਉਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਟਿੱਕੇ ਜਾਣ ਨੂੰ ਪਰਵਾਨ ਨਹੀਂ ਕਰਦੀਆਂ, ਹਾਲਾਂ ਕਿ ਭਰੋਸੇ ਯੋਗ ਸਮਕਾਲੀ ਲਿਖਤੀ ਸਬੂਤ ਇਸ ਤੱਥ ਦੇ ਮੌਜੂਦ

* "ਪੁੱਛਣ, ਖੋਲ ਕਿਤਾਬ ਨੂੰ, ਵਡਾ ਹਿੰਦੂ ਕਿ ਮੁਸਲਮਾਨੋਈ !" —ਵਾਰਾਂ ਭਾ: ਗੁਰਦਾਸ ੧: ੩੩

† ਇਹ ਪੋਥੀਆਂ ਗੁਰੂ ਅਮਰਦਾਸ ਜੀ ਦੀ ਬੰਸ ਪਾਸ ਹੁਣ ਵੀ ਮੌਜੂਦ ਹਨ। ਇਹਨਾਂ ਵਿਚੋਂ ਇਕ ਪੋਥੀ ਪਟਿਆਲੇ ਦੇ ਇਕ ਘਰਾਣੇ ਪਾਸ ਹੈ, ਜਿਸ ਦੇ ਦਰਸ਼ਨ ਆਮ ਸੰਗਤ ਨੂੰ ਉਹ ਪੂਰਨਮਾਸ਼ੀ ਦੇ ਪੂਰਨਮਾਸ਼ੀ ਕਰਾਉਂਦੇ ਹਨ। ਦੂਜੀ ਪੋਥੀ ਇਹਯਾਪੁਰ (ਜ਼ਿਲਾ ਹੁਸ਼ਿਆਰਪੁਰ) ਦੇ ਇਕ ਘਰਾਣੇ ਪਾਸ ਦੱਸੀ ਜਾਂਦੀ ਹੈ।



www.AKJ.Org

ਹਨ। ਇਹਨਾਂ ਵਿਚੋਂ ਸਭ ਤੋਂ ਪਰਮਾਣਿਕ ਦਸਤਾਵੇਜ਼ ਭੱਟ-ਵਹੀਆਂ ਦੀ ਹੈ।*

ਭੱਟ ਨਰਬਦ ਸਿੰਘ, ਪੁੱਤਰ ਕੇਸੋ ਸਿੰਘ (ਜੋ ਭਾਈ ਭੀਖੇ ਦੀ ਬੰਸਾਵਲੀ ਵਿਚੋਂ ਸੀ) ੬ ਅਕਤੂਬਰ ੧੭੦੮ ਈਸਵੀ ਨੂੰ ਆਪਣੀ ਵਹੀ ਵਿਚ ਇਉਂ ਲਿਖਦਾ ਹੈ :

"ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਵਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਪੋਤਾ ਗੁਰੂ ਹਰਗੋਬਿੰਦ ਜੀ ਕਾ ਪਰਪੋਤਾ ਗੁਰੂ ਅਰਜਨ ਦੇਵ ਜੀ ਕਾ ਬੰਸ ਗੁਰੂ ਰਾਮ ਦਾਸ ਜੀ ਕੀ ਸੂਰਜ ਬੰਸੀ ਗੋਸਲ ਗੋਤਰ ਸੋਢੀ ਖਤਰੀ ਬਾਸੀ ਅਨੰਦਪੁਰ ਪਰਗਨਾ ਕਹਿਲੂਰ ਮੁਕਾਮ ਨਾਂਦੇੜ ਤਟ ਗੁਦਾਵਰੀ ਦੇਸ ਦੱਖਣ ਸੰਮਤ ਸਤਾਰਾਂ ਸੈ ਪੈਸਠ ਕਾਤਿਕ ਮਾਸ ਕੀ ਚੌਥ ਸ਼ੁਕਲ ਪਖੇ ਬੁਧਵਾਰ ਕੇ ਦਿਹੁੰ ਭਾਈ ਦਯਾ ਸਿੰਘ ਸੇ ਬਚਨ ਹੋਇਆ ਸ੍ਰੀ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦਯਾ ਸਿੰਘ ਸ੍ਰੀ ਗ੍ਰੰਥ ਸਾਹਿਬ ਲੈ ਆਏ। ਗੁਰੂ ਜੀ ਨੇ ਪੰਜ ਪੈਸੇ ਨਾਰੀਅਲ ਅੱਗੇ ਭੇਟਾ ਰੱਖ ਮੱਥਾ ਟੇਕਿਆ, ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਹ ਸ੍ਰੀ ਗ੍ਰੰਥ ਜੀ ਕੋ ਜਾਨਣਾ। ਜੋ ਸਿਖ ਜਾਣੇਗਾ ਤਿਸ ਕੀ ਘਾਲ ਥਾਇ ਪਏਗੀ। ਗੁਰੂ ਉਸ ਕੀ ਬਹੁੜੀ ਕਰੇਗਾ। ਸਤਿ ਕਰ ਮਾਨਣਾ।"†

ਭੱਟ ਵਹੀਆਂ ਤੋਂ ਛੁੱਟ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਦਿੱਤੇ ਜਾਣ ਤੇ ਦੇਹ-ਧਾਰੀ ਗੁਰਤਾ ਦੀ ਸਮਾਪਤੀ ਦਾ ਪ੍ਰਮਾਣ ਹੋਰ ਇਤਿਹਾਸਕ ਸ੍ਰੋਤਾਂ ਤੋਂ ਭੀ ਪ੍ਰਾਪਤ ਹੈ। ਮਾਤਾ ਸੁੰਦਰੀ ਜੀ ਦੇ ਇਕ ਹੁਕਮਨਾਮੇ‡ ਵਿਚ ਲਿਖਿਆ ਹੈ :

"੧ਓ ਵਾਹਿਗੁਰੂ ਜੀ ਕੀ ਫਤਹ। ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਯਕਰੰਗ ਜਿਨ੍ਹਾਂ ਡਿਠਿਆਂ ਵਾਹਿਗੁਰੂ ਚਿਤ ਆਵੈ...ਸਰਬਤ ਖਾਲਸਾ ਵਾਹਿਗੁਰੂ ਅਕਾਲ ਪੁਰਖ ਕਾ ਵਾਹਿਗੁਰੂ ਜੀ ਕੀ ਫਤਹ ਵਾਚਣੀ। ਵਾਹਿਗੁਰੂ ਅਕਾਲ ਪੁਰਖ ਜੀ ਹਰਦਮ ਚਿੱਤ ਆਵੈ, ਸੁਖ ਹੋਏ, ਖਾਲਸਾ ਜੀ ਕਾ ਬੋਲ ਬਾਲਾ ਹੋਏ...ਗੁਰੂ ਗੁਰੂ ਜਪਣਾ, ਵਾਹਿਗੁਰੂ ਅੰਗ ਸੰਗ ਹੋਏ। ਫਜ਼ਲ ਕਰ ਕੇ ਰਖਿਆ ਹੋਵੇਗੀ।...ਖਾਲਸਾ ਸ੍ਰੀ ਵਾਹਿਗੁਰੂ ਜੀ ਕਾ ਸੁਚੇਤ ਬਿਬੇਕ ਬੁਧ ਚਾਹੀਏ ਜੋ ਸਿਵਾਏ ਅਕਾਲ ਪੁਰਖ ਦੂਜੇ ਨੋ ਜਾਨੈ ਨਾਹੀ। ਦਸਮ ਪਾਤਸ਼ਾਹੀਆਂ ਤਕ ਜਾਮੇ ਪੈਧੇ। ਯਾਰਵੀਂ ਬਾਰਵੀਂ ਬੰਦਾ ਚੌਬੰਦਾ ਅਜੀਤਾ ਵਗੈਰਾ ਤੇ ਇਤਕਾਦ ਲੈ ਆਵਨਾ ਹੱਤਿਆ ਹੈ। ਹੋਰ ਹਤਿਆ ਗੁਰੂ ਜਪਣ ਨਾਲ ਦੂਰ ਹੋਸਣ ਪਰ ਇਹ ਹਤਿਆ ਗੁਨਾਹ ਬਖਸੀਐਗਾ ਨਹੀ ਜੋ ਮਨੁਖ ਕੇ ਜਾਮੇ ਉਪਰ ਏਤਕਾਦ ਕਰੇਂਗੇ।...ਖਾਲਸਾ ਜੀ ਤੁਸਾਂ ਸਿਵਾਏ ਅਕਾਲ ਦੂਜੈ ਨੋ ਮੰਨਣਾ ਨਾਹੀ। ਸਬਦ ਦਸਵੀਂ ਪਾਤਸ਼ਾਹੀ ਤਕ ਖੋਜਣਾ। 'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ।' ਗੁਰੂ ਕਾ ਨਿਵਾਸ ਸਬਦ ਵਿਚ ਹੈ।' 'ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ।' 'ਜੀਆਂ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ' ਵਾਹਿਗੁਰੂ ਜੀ ਕੀ ਫਤਹ।..."

ਹੋਰ ਵੀ ਕਈ ਪ੍ਰਮਾਣ ਮਿਲਦੇ ਹਨ, ਜਿਹਾ ਕਿ ਰਹਿਤਨਾਮਿਆਂ ਵਿਚ ਤੇ ਦੇਵ ਰਾਜ ਸ਼ਰਮਾ ਰਚਿਤ 'ਨਾਨਕ ਚੰਦੋਦਜ ਮਹਾਕਾਵਿਆਂ' ਨਾਮਕ ਪੁਰਾਤਨ ਸੰਸਕ੍ਰਿਤ ਪੁਸਤਕ ਦੇ ਖਰੜੇ ਵਿਚ ਪ੍ਰਾਪਤ ਹਨ। ਐਸੇ ਅਕੱਟ ਲਿਖਤੀ ਇਤਿਹਾਸਕ ਪ੍ਰਮਾਣਾਂ ਦੇ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਤੋਂ ਇਨਕਾਰ, ਜੇਕਰ ਅਗਿਆਨ ਨਹੀਂ ਤਾਂ ਹੋਰ ਕੀ ਹੈ?

ਵਿਸ਼ਵ ਦੀਆਂ ਦੂਜੀਆਂ ਪਰਮਾਣਿਕ ਧਰਮ-ਪੁਸਤਕਾਂ ਦੇ ਟਾਕਰੇ ਗੁਰੂ ਗ੍ਰੰਥ ਸਾਹਿਬ ਵਿਚ ਕਈ ਪੱਖਾਂ ਤੋਂ

* ਭੱਟ-ਵਹੀਆਂ ਦੀ ਇਤਿਹਾਸਕ ਸ੍ਰੋਤ ਗਿ: ਗਰਜਾ ਸਿੰਘ ਜੀ ਦੀ ਖੋਜ ਤੋਂ ਪ੍ਰਾਪਤ ਹੋਈ ਹੈ। ਭੱਟ, ਜੱਦੀ ਢਾਡੀ ਤੇ ਕੁਲਪਤਰੀ ਲੇਖਕ ਸਨ, ਜਿਨ੍ਹਾਂ ਦਾ ਇਕ ਘਰਾਣਾ, ਸਿੱਖੀ ਵਿਚ, ਗੁਰੂ ਅਮਰਦਾਸ ਜੀ ਦੇ ਸਿੱਖ, ਭਾਈ ਭੀਖਾ ਨਾਲ ਸ਼ੁਰੂ ਹੋਂਦਾ ਹੈ। ਕੁਝ ਭੱਟਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭੱਟ, ਗੁਰੂ ਸਾਹਿਬਾਂ ਦੀਆਂ ਜੀਵਨ-ਘਟਨਾਵਾਂ ਵੀ ਲਿਖ ਲਿਖ ਸਾਂਭਦੇ ਰਹੇ, ਜੋ ਭੱਟਾਖਰੀ ਲਿਪੀ ਵਿਚ ਲਿਖੀਆਂ ਹਨ। ਗਿਆਨੀ ਗਰਜਾ ਸਿੰਘ ਜੀ ਨੇ ਇਹਨਾਂ ਦਾ ਗੁਰਮੁਖੀ ਲਿਪੀਅੰਤਰ ਕਰ ਕੇ ਸਾਨੂੰ ਇਸ ਕੀਮਤੀ ਇਤਿਹਾਸ-ਸ੍ਰੋਤ ਨਾਲ ਜੋੜਿਆ ਹੈ।

† ਭੱਟ ਵਹੀ ਭਾਦਸੋਂ ਥਾਨੇਸਰ। ਨਾਲੇ ਦੇਖੋ ਭਟ ਵਹੀ ਤਾਲੰਡਾ, ਪਰਗਨਾ ਜੀਂਦ।

‡ ਇਹ ਹੁਕਮਨਾਮਾ ਹੁਣ ਵੀ ਬਠਿੰਡਾ ਜ਼ਿਲੇ ਦੇ ਭਾਈ ਰੂਪਾ ਪਿੰਡ ਵਿਚ ਭਾਈ ਚੇਤ ਸਿੰਘ ਹੋਰਾਂ ਦੇ ਘਰ ਮੌਜੂਦ ਹੈ।



www.AKJ.Org

ਸਿਰਮੌਰਤਾ ਨਜ਼ਰ ਆਉਂਦੀ ਹੈ। (੧) ਇਹ ਇਕੋ ਇਕ ਧਰਮ-ਗ੍ਰੰਥ ਹੈ ਜਿਸ ਵਿਚ ਧਾਰਮਕ ਆਗੂਆਂ ਦੀ ਰਚਨਾ ਮੌਲਕ ਰੂਪ ਵਿਚ ਮੌਜੂਦ ਹੈ। (੨) ਇਹ ਮਹਾਨ ਗ੍ਰੰਥ ਕੇਵਲ ਅਕਾਲ ਪੁਰਖ ਦੀ ਅਰਾਧਨਾ ਤੇ ਸਿਫ਼ਤ-ਸਨਾ ਨਾਲ ਭਰਪੂਰ ਹੈ, ਤਵਾਰੀਖ਼ੀ ਘਟਨਾਵਾਂ ਜਾਂ ਜੀਵਨ ਬ੍ਰਿਤਾਂਤ ਇਸ ਦਾ ਵਿਸ਼ਾ ਨਹੀਂ, ਤੇ ਨ ਹੀ ਇਹ ਕੋਈ ਹਿਦਾਇਤਨਾਮਾ ਜਾਂ ਰਹਿਤਨਾਮਾ ਹੀ ਹੈ। (੩) ਦੈਵੀ ਪ੍ਰਾਪਤੀ ਦੇ ਅੰਤਮ ਵਿਕਾਸ ਦੇ ਨੁਕਤੇ ਤੋਂ ਵਾਚਿਆਂ ਇਸ ਗ੍ਰੰਥ ਵਿਚਲੀ ਅਧਿਆਤਮਕ ਦ੍ਰਿਸ਼ਟੀ ਸ਼ਬਦ ਨਾਲ ਪੂਰੀ ਤਰ੍ਹਾਂ ਇਕਸੁਰ ਹੈ। (੪) ਇਹ ਇਕ ਸਰਬ-ਸਾਂਝਾ ਗ੍ਰੰਥ ਹੈ ਜਿਸ ਅੱਗੇ ਹਿੰਦੂ, ਮੁਸਲਮਾਨ, ਸਿਖ ਸਭ ਸਿਰ ਝੁਕਾ ਸਕਦੇ ਹਨ*। (੫) ਇਸ ਗ੍ਰੰਥ ਅੱਗੇ ਸਿਰ ਝੁਕਾਣ ਵਾਲੇ 'ਚੋਂ ਉਚ-ਨੀਚ ਦਾ ਅਭਿਮਾਨ ਸਹਿਜੇ ਹੀ ਝੜਨ ਲਗਦਾ ਹੈ†। ਇਸ ਲਈ ਜੇਕਰ ਇਹ ਕਿਹਾ ਜਾਵੇ ਕਿ ਇਹ ਗ੍ਰੰਥ ਧਰਮ-ਗ੍ਰੰਥਾਂ ਦੀ ਸਫ਼ ਵਿਚੋਂ ਅੱਵਲ ਹੈ ਤਾਂ ਇਹ ਵਾਕ ਅਤਿਕਥਨੀ ਨਹੀਂ ਗਰਦਾਨਿਆ ਜਾਵੇਗਾ। ਇਸ ਮਹਾਨ ਪੁਸਤਕ ਦਾ 'ਆਦਿ ਗ੍ਰੰਥ' ਨਾਮ, ਜਾਪਦਾ ਹੈ, ਇਸ ਪੱਖੋਂ ਵੀ ਉਚਿਤ ਹੈ।

ਇਸ ਵਿਚਲੀ ਬਾਣੀ ਦੇ ਰਚੈਤਾ ਕੇਵਲ ਪੰਜਾਬ ਵਿਚੋਂ ਹੀ ਨਹੀਂ ਸਨ, ਸਾਰੇ ਹਿੰਦੁਸਤਾਨ 'ਚੋਂ ਚੁਣੇ ਗਏ ਸਨ‡। ਉਹ ਕੇਵਲ ਸਤਿਗੁਰਾ ਦੇ ਸਮਕਾਲੀ ਨਹੀਂ ਸਨ, ਪੂਰੀਆਂ ਪੰਜ ਸਦੀਆਂ ਦੀ ਅਧਿਆਤਮਕ ਪੁਨਰ-ਜਾਗ੍ਰਤੀ ਦੇ ਪ੍ਰਤਿਨਿਧ ਸਨ।() ਇਉਂ ਇਸ ਧਰਮ-ਗ੍ਰੰਥ ਦੀ ਮਹਾਨਤਾ ਇਕ ਤਰ੍ਹਾਂ ਦੀ ਭੂਗੋਲਕ ਤੇ ਇਤਿਹਾਸਕ ਮਹਾਨਤਾ ਸਮੇਟੀ ਬੈਠੀ ਹੈ।

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਸਿਖ ਗੁਰਦੁਆਰੇ ਵਿਚ ਹੁੰਦਾ ਹੈ। ਉਥੇ ਆਉਣ ਵਾਲੇ ਸ਼ਰਧਾਵਾਨ ਸਾਰੇ ਆਪ ਅੱਗੇ ਆ ਕੇ ਮੱਥਾ ਟੇਕਦੇ ਤੇ ਸਤਿਕਾਰ ਕਰਦੇ ਹਨ। ਆਪ ਵਲ ਪਿੱਠ ਨਹੀਂ ਕਰਦੇ, ਆਪ ਵਲ ਪੈਰ ਨਹੀਂ ਪਸਾਰਦੇ, ਆਪ ਦੀ ਹਜ਼ੂਰੀ ਵਿਚ ਸਿਰੋਂ ਨੰਗੇ ਨਹੀਂ ਬੈਠਦੇ—ਕਿਉਂਕਿ ਇਹ ਸਭ ਬੇਅਦਬੀ ਦੇ ਚਿੰਨ੍ਹ ਮੰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਚੰਵਰ-ਤਖ਼ਤ ਦਾ ਮਾਲਕ ਕਿਹਾ ਜਾਂਦਾ ਹੈ। ਇਹਨਾਂ ਦਾ ਆਸਣ ਤਖ਼ਤ ਉਪਰ, ਅਥਵਾ, ਸਭ ਤੋਂ ਉੱਚੀ ਥਾਂ ਤੇ ਕੀਤਾ ਜਾਂਦਾ ਹੈ, ਉਪਰ ਚੰਦੋਆ ਤਾਣਿਆ ਜਾਂਦਾ ਹੈ, ਤੇ ਇਕ ਚੌਰ-ਬਰਦਾਰ ਸੇਵਾ ਵਿਚ ਰਹਿੰਦਾ ਹੈ। ਇਹ ਪਾਤਸ਼ਾਹੀ ਦੇ ਚਿੰਨ੍ਹ ਹਨ, ਜੋ ਸਤਿਗੁਰਾਂ ਵੇਲੇ ਤੋਂ ਗੁਰੂ ਗ੍ਰੰਥ ਸਾਹਿਬ ਲਈ ਕਾਇਮ ਰਖੇ ਗਏ ਹਨ।

ਗੁਰਦੁਆਰਿਆਂ ਵਿਚ ਅਰਦਾਸ ਵੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਹੀ ਹੁੰਦੀ ਹੈ। ਅਰਦਾਸ ਤੋਂ ਮਗਰੋ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ 'ਹੁਕਮਨਾਮਾ' ਲਿਆ ਜਾਂਦਾ ਹੈ, ਜੋ ਉਸ ਦਿਨ ਲਈ ਸਾਰੇ ਸੁਣਨਹਾਰਿਆਂ ਦੀ ਆਤਮਕ ਅਗਵਾਈ ਕਰਦਾ ਹੈ।

ਇਉਂ ਗੁਰੂ ਗ੍ਰੰਥ ਸਾਹਿਬ ਦੀ ਸਦੀਵੀ ਹਕੂਮਤ ਸਿਖ ਮਨਾਂ ਉਪਰ ਅੰਕਿਤ ਹੈ। ਸਿਖ ਧਰਮ ਵਿਚ ਇਸ ਅਦੁੱਤੀ ਧਰਮ-ਗ੍ਰੰਥ ਨੂੰ ਜੋ ਸਤਿਕਾਰ ਹਾਸਲ ਹੈ, ਉਹ ਇਸ ਵਿਚਲੀ ਬਾਣੀ ਦਾ ਸਤਿਕਾਰ ਹੈ, ਨ ਕਿ ਗ੍ਰੰਥ❋

---

* ਇਸ ਧਰਮ-ਗ੍ਰੰਥ ਵਿਚ ਸਿਖ ਸਤਿਗੁਰਾਂ ਦੀ ਬਾਣੀ ਤੋਂ ਇਲਾਵਾ, ਕਈ ਹਿੰਦੂ ਭਗਤਾਂ ਤੇ ਮੁਸਲਮਾਨ ਫ਼ਕੀਰਾਂ ਦੀ ਬਾਣੀ ਵੀ ਸ਼ਾਮਿਲ ਹੈ, ਜਿਸ ਨੂੰ ਗੁਰਬਾਣੀ ਜਿਤਨੀ ਹੀ ਮਾਨਤਾ ਪ੍ਰਾਪਤ ਹੈ। ਨਾਮਦੇਵ ਜੀ, ਰਾਮਾਨੰਦ ਜੀ, ਤੇ ਸੂਰਦਾਸ ਜੀ ਹਿੰਦੂ ਭਗਤਾਂ ਦੀ ਉਦਾਹਰਣ ਹਨ; ਫ਼ਰੀਦ ਜੀ ਤੇ ਕਬੀਰ ਜੀ ਮੁਸਲਮਾਨ ਮਹਾਂ ਪੁਰਖਾਂ ਦੀ।

† ਇਸ ਗ੍ਰੰਥ ਵਿਚ ਉੱਚ ਕੋਟੀ ਦੇ ਬ੍ਰਾਹਮਣ ਭਗਤਾਂ (ਰਾਮਾਨੰਦ, ਤ੍ਰਿਲੋਚਨ, ਜੈਦੇਵ ਆਦਿ) ਦੇ ਟਾਕਰੇ 'ਨੀਵੀਆਂ' ਜਾਤਾਂ ਦੇ ਭਗਤਾਂ ਦੀ ਬਹੁਤਾਤ ਹੈ—ਕਬੀਰ (ਜੁਲਾਹਾ), ਨਾਮਦੇਵ (ਛੀਂਬਾ), ਧੰਨਾ (ਜੱਟ), ਸੈਣ (ਨਾਈ), ਰਵਿਦਾਸ (ਚਮਾਰ) ਇਸ ਦੀਆਂ ਮਿਸਾਲਾਂ ਹਨ। ਇਹਨਾਂ ਅੱਗੇ ਸਿਰ ਝੁਕਾਉਣ ਵਾਲਾ ਜਾਤ-ਅਭਿਮਾਨੀ ਕਿਵੇਂ ਹੋ ਸਕਦਾ ਹੈ?

‡ ਬੰਗਾਲ ਤੋਂ ਜੈਦੇਵ; ਮਹਾਰਾਸ਼ਟ੍ਰ ਤੋਂ ਨਾਮਦੇਵ, ਤ੍ਰਿਲੋਚਨ, ਤੇ ਪਰਮਾਨੰਦ; ਸਿੰਧ ਤੋਂ ਸਧਨਾ; ਮੱਧ-ਪ੍ਰਦੇਸ਼ ਤੋਂ ਬੇਣੀ ਤੇ ਰਾਮਾਨੰਦ; ਰਾਜਸਥਾਨ ਤੋਂ ਧੰਨਾ; ਉਤਰ ਪ੍ਰਦੇਸ਼ ਤੋਂ ਕਬੀਰ, ਸੈਣ ਪੀਪਾ ਤੇ ਰਵਿਦਾਸ; ਤੇ ਅਵਧ ਤੋਂ ਸੂਰਦਾਸ ਇਸ ਗ੍ਰੰਥ ਵਿਚ ਸ਼ਾਮਿਲ ਹੋ ਕੇ ਸਮੁੱਚੇ ਭਾਰਤ ਦੀ ਅਧਿਆਤਮਕ ਦ੍ਰਿਸ਼ਟੀ ਦੀ ਪ੍ਰਤਿਨਿਧਤਾ ਕਰਦੇ ਜਾਪਦੇ ਹਨ।

() ਫ਼ਰੀਦ ਜੀ ਦੇ ਜਨਮ (ਸੰਮਤ 1231) ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਜੀ ਦੇ ਜੋਤੀ ਜੋਤਿ ਸਮਾਉਣ (ਸੰਮਤ 1732) ਤਕ ਪੂਰੀਆਂ ਪੰਜ ਸਦੀਆਂ ਹੁੰਦੀਆਂ ਹਨ।



www.AKJ.Org

# ਸਤਿਗੁਰ ਬਚਨ ਬਚਨ ਹੈ ਸਤਿਗੁਰ

[ ਸੂਬੇਦਾਰ ਧਰਮ ਸਿੰਘ ਜੀ, ਸੁਜੋਂ ਜ਼ਿਲਾ ਜਲੰਧਰ ]

ਇਕ ਬਰਤਨ ਵਿਚ ਪਾਣੀ ਹੈ ਤੇ ਦੂਸਰੇ ਵਿਚ ਦੁਧ। ਅਸੀਂ ਪਾਣੀ ਵਾਲੇ ਬਰਤਨ ਨਾਲੋਂ ਦੁਧ ਵਾਲੇ ਬਰਤਨ ਦੀ ਦੇਖ ਰੇਖ ਤੇ ਸੰਭਾਲ ਵਲ ਕੁਝ ਵਧ ਧਿਆਨ ਦਿੰਦੇ ਹਾਂ। ਕਾਰਨ ਇਹ ਕਿ ਪਾਣੀ ਨਾਲੋਂ ਦੁਧ ਕੀਮਤੀ ਚੀਜ਼ ਹੈ। ਸੁਨਿਆਰੇ ਪਾਸ ਇਕੋ ਜਿਹੀਆਂ ਦੋ ਡਬੀਆਂ ਹਨ—ਇਕ ਵਿਚ ਚਾਂਦੀ ਦੇ ਤੇ ਦੂਸਰੀ ਵਿਚ ਸੋਨੇ ਦੇ ਗਹਿਣੇ ਹਨ। ਸੁਨਿਆਰਾ ਸੋਨੇ ਦੇ ਗਹਿਣਿਆਂ ਵਾਲੀ ਡੱਬੀ ਨੂੰ ਬੜਾ ਸੰਭਾਲ ਸੰਭਾਲ ਕੇ ਰਖਦਾ ਹੈ, ਕਿਉਂਕਿ ਇਸ ਡੱਬੀ ਵਿਚ ਜ਼ਿਆਦਾ ਕੀਮਤੀ ਮਾਲ ਹੈ। ਦੋ ਸ਼ਖ਼ਸ ਹਨ ਤਾਂ ਇੱਕੋ ਜਿਹੇ, ਪਰ ਇਕ ਨੂੰ ਕੋਈ ਪੁਛਦਾ ਨਹੀਂ ਤੇ ਦੂਸਰੇ ਨੂੰ—

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥੭॥ (ਜਪੁਜੀ)

ਵਾਲੀ ਗੱਲ ਹੈ, ਜਿਸ ਦੀ ਸੌ ਇੱਜ਼ਤ ਜਾਂ ਮਾਣ ਹੁੰਦਾ ਹੈ। ਕਾਰਨ ਇਹ ਕਿ ਇਕ ਦੇ ਅੰਦਰ ਸਾਧਾਰਨ ਤੇ ਦੂਸਰੇ ਦੇ ਅੰਦਰ ਉਚ ਕੋਟੀ ਦੇ ਉਨਤ ਵਿਚਾਰ ਹਨ। ਕਦਰ ਵਿਚਾਰਾਂ ਦੀ ਹੈ, ਸਰੀਰ ਦੀ ਨਹੀਂ। ਵਿਚਾਰ ਕਈ ਤਰ੍ਹਾਂ ਦੇ ਹੋ ਸਕਦੇ ਹਨ—ਸਮਾਜਕ, ਆਰਥਕ, ਵਿਗਿਆਨਕ, ਰਾਜਨੀਤਕ ਜਾਂ ਧਾਰਮਕ। ਆਪੋ ਆਪਣੀ ਥਾਂ ਸਾਰੇ ਹੀ ਵਿਚਾਰ ਅਛੇ ਹਨ, ਪਰ ਜੋ ਕਦਰ ਜਾਂ ਇੱਜ਼ਤ ਧਾਰਮਕ ਵਿਚਾਰਾਂ ਵਾਲੇ ਪੁਰਸ਼ ਦੀ ਹੁੰਦੀ ਹੈ, ਦੂਸਰਿਆਂ ਦੀ ਉਸ ਤੋਂ ਘਟ ਹੀ ਹੁੰਦੀ ਹੈ। ਕਦਰ ਨਾ ਬਰਤਨਾਂ ਦੀ ਹੁੰਦੀ ਹੈ, ਨਾ ਡਬੀਆਂ ਦੀ ਤੇ ਨਾ ਹੀ ਇਨਸਾਨੀ ਸਰੀਰਾਂ ਦੀ। ਇਨ੍ਹਾਂ ਬਰਤਨਾਂ ਜਾਂ ਡਬੀਆਂ ਵਿਚ ਪਏ ਮਾਲ ਦੀ ਜਾਂ ਇਨਸਾਨ ਵਿਚ ਉਸ ਅੰਦਰ ਜਮ੍ਹਾ ਹੋਏ ਉੱਤਮ ਵਿਚਾਰਾਂ ਦੀ ਕਦਰ ਹੁੰਦੀ ਹੈ।

ਧਾਰਮਕ ਵਿਚਾਰਾਂ ਵਾਲੇ ਪੁਰਸ਼ ਦੀ ਕਦਰ ਬਾਕੀਆਂ ਨਾਲੋਂ ਜ਼ਿਆਦਾ ਕਿਉਂ ਹੁੰਦੀ ਹੈ, ਇਸ ਨੂੰ ਸਮਝਣ ਲਈ ਹੇਠ ਲਿਖੇ ਵਿਚਾਰ ਸ਼ਾਇਦ ਕੁਝ ਰੌਸ਼ਨੀ ਪਾ ਸਕਣ। ਹਰ ਇਕ ਇਨਸਾਨ ਵਿਚ ਹੇਠ ਲਿਖੀਆਂ ਤਿੰਨ ਖਾਹਸ਼ਾਂ ਲਗ ਪਗ ਇਕੋ ਜਿਹੀਆਂ ਹੀ ਹੁੰਦੀਆਂ ਹਨ—

੧. ਮੇਰੀ ਮੌਤ ਕਦੇ ਭੀ ਨਾ ਹੋਵੇ, ਮੈਂ ਹਮੇਸ਼ਾ ਹਮੇਸ਼ਾ ਹੀ ਜ਼ਿੰਦਾ ਰਹਾਂ। ਹਮੇਸ਼ਾ ਕਾਇਮ ਰਹਿਣ ਵਾਲੀ ਵਸਤ

---

✱ ਦੇ ਭੌਤਕ ਆਕਾਰ ਦਾ। ਜੋ ਇਸ ਵਿਚਲੇ ਸ਼ਬਦ ਨਾਲ ਨਹੀਂ ਜੁੜੇ ਤੇ ਕੇਵਲ ਰੁਮਾਲੇ ਚੁਕ ਕੇ ਇਸ ਦਾ 'ਦਰਸ਼ਨ ਕਰਦੇ ਹਨ, ਗੁਰਮਤਿ ਤੋਂ ਵਾਂਝੇ ਹਨ। ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਤਾਂ "ਪਾਠ-ਦੀਦਾਰ" ਹੈ ਤੇ ਅਰਦਾਸ ਵਿਚ ਇਸੇ ਪਾਠ ਦੀਦਾਰ ਦਾ ਆਦੇਸ਼ ਹੈ। ਗੁਰਤਾ ਗ੍ਰੰਥ ਦੀ ਹੀ ਨਹੀਂ, ਗ੍ਰੰਥ ਵਿਚਲੇ ਸ਼ਬਦ ਦੀ ਹੈ—ਸ਼ਬਦ, ਜੋ ਸਤਿਗੁਰਾਂ ਦੇ ਆਪ ਡਿੱਠੇ ਅਨੁਭਵ ਦਾ ਸਾਖੀ ਹੈ।* ਬਾਣੀ ਰੂਪ ਹੋਏ ਗੁਰ-ਅਨੁਭਵ-ਸ਼ਬਦ ਦੀ ਉਪਾਸ਼ਨਾ ਹੀ ਸ਼ਬਦ-ਪ੍ਰਸਤੀ ਹੈ। ਸਿੱਖੀ ਵਿਚ ਹੋਰ ਉਪਾਸ਼ਨਾ ਪਰਵਾਣ ਨਹੀਂ। ਇਹ ਸ਼ਬਦ ਹੀ ਹੈ ਜੋ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਹੈ। ਇਸ ਨਾਲ ਜੁੜਨ ਵਾਲੇ ਹੀ ਸਤਿਗੁਰਾਂ ਦੀ ਜੋਤਿ ਨਾਲ ਜੁੜ ਸਕਦੇ ਹਨ। ਪਾਠ ਹੀ ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਹੈ।† ਗੁਰੂ ਗ੍ਰੰਥ ਜੇ ਪੰਥ ਦਾ ਗੁਰੂ ਹੈ ਤਾਂ ਸ਼ਬਦ ਰੂਪ ਵਿਚ, ਜੋਤਿ ਰੂਪ ਵਿਚ, ਬਾਣੀ ਰੂਪ ਵਿਚ, ਕਿਉਂਕਿ ਨਿਰੰਕਾਰ ਆਪ ਬਾਣੀ ਰੂਪ ਹੋ ਕੇ‡ ਹੀ ਅਸਾਂ ਸੰਸਾਰੀਆਂ ਨਾਲ ਹਮ-ਕਲਾਮ ਹੋਇਆ ਹੈ।

ਅਰਦਾਸ ਵਿਚ ਇਸੇ ਸ਼ਬਦ-ਗੁਰੂ ਦਾ ਅਭਿਨੰਦਨ ਕੀਤਾ ਜਾਂਦਾ ਹੈ ਤੇ ਇਸੇ ਆਤਮਕ ਜੋਤਿ ਦੇ ਪਾਠ-ਦੀਦਾਰ ਦਾ ਧਿਆਨ ਧਰ ਕੇ ਸਰਬੱਤ ਸੰਗਤ ਨੂੰ "ਵਾਹਿਗੁਰੂ" ਬੋਲਣ ਦਾ ਆਦੇਸ਼ ਦਿੱਤਾ ਜਾਂਦਾ ਹੈ।

[ਛਪ ਚੁਕੀ ਪੁਸਤਕ "ਅਰਦਾਸ" ਵਿਚੋਂ

* 'ਜੇਹਾ ਡਿਠਾ ਮੈ ਤੇਹੋ ਕਹਿਆ। ਮਾਝ ਮ: ੫ (92/14)

† ਇਸ ਲਈ ਹਰ ਸਿਖ ਦਾ ਧਾਰਮਕ ਫ਼ਰਜ਼ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿਖੇ ਤੇ ਇਉਂ ਗੁਰੂ-ਜੋਤਿ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਕਰੇ।

‡ ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ। ਸਲੋਕੁ ਮ: ੩ (515/17)



www.AKJ.Org

ਨੂੰ "ਸਤਿ" ਆਖਦੇ ਹਾਂ।

੨. ਬੱਚੇ ਨੂੰ ਤੁਸੀਂ ਦੇਖਦੇ ਹੋ ਕਿ ਕਿਸੀ ਨਵੀਂ ਚੀਜ਼ ਨੂੰ ਦੇਖ, ਉਸ ਨੂੰ ਪੂਰੀ ਤਰ੍ਹਾਂ ਜਾਨਣ ਜਾਂ ਸਮਝਣ ਲਈ ਸਾਡੇ ਤੇ ਇਤਨੇ ਸਵਾਲ ਕਰਦਾ ਹੈ ਕਿ ਅਸੀਂ ਉਸ ਦੇ ਸਵਾਲਾਂ ਦੇ ਉੱਤਰ ਦਿੰਦੇ ਕਦੇ ਕਦੇ ਉਕਤਾ ਵੀ ਜਾਂਦੇ ਹਾਂ। ਬੱਚਾ ਹੀ ਨਹੀਂ, ਅਸੀਂ ਤੁਸੀਂ ਸਾਰੇ ਹੀ ਸੰਸਾਰ ਦੀ ਹਰ ਸ਼ੈ ਦਾ ਪੂਰਾ ਪੂਰਾ ਗਿਆਨ ਪ੍ਰਾਪਤ ਕਰਨ ਦੀ ਕੋਸ਼ਸ਼ ਵਿਚ ਹੁੰਦੇ ਹਾਂ। ਪੂਰੇ ਗਿਆਨਵਾਨ ਹੋਣ ਨੂੰ "ਚਿੱਤ" ਆਖਿਆ ਗਇਆ ਹੈ।

੩. ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਦੁਖ ਸਾਡੇ ਪਾਸ ਕਦੇ ਭੀ ਨਾ ਆਵੇ। ਅਸੀਂ ਇਤਨੇ ਸੁਖੀ ਹੋਈਏ, ਇਤਨੇ ਸੁਖੀ ਹੋਈਏ, ਕਿ ਇਸ ਤੋਂ ਵਧ ਹੋਰ ਕੋਈ ਸੁਖ ਬਾਕੀ ਹੀ ਨਾ ਰਹਿ ਜਾਵੇ। ਭਾਵ ਅਸੀਂ "ਪਰਮ ਸੁਖੀ" ਹੋਈਏ। ਇਸ ਪਰਮ ਸੁਖ ਨੂੰ ਆਖਦੇ ਹਨ "ਅਨੰਦ"।

'ਸਤਿ', 'ਚਿਤ', 'ਅਨੰਦ' ਹੋਣਾ ਇਹ ਸਭ ਦੀ ਕੁਦਰਤੀ ਖ਼ਾਹਸ਼ ਹੈ। ਇਹ ਤਿੰਨੇ ਨੇਅਮਤਾਂ, ਆਪਣੀ ਪੂਰਨਤਾ ਵਿਚ ਸਿਰਫ਼ ਅਕਾਲ ਪੁਰਖ ਵਿਚ ਹੀ ਹਨ। ਇਸ ਦਾ ਭਾਵ ਇਹ ਹੋਇਆ ਕਿ ਅਸੀਂ ਸਾਰੇ ਹੀ ਅਕਾਲ ਪੁਰਖ ਹੋ ਜਾਣਾ ਚਾਹੁੰਦੇ ਹਾਂ। ਜਾਣੇ ਜਾਂ ਅਣਜਾਣੇ ਅਸੀਂ ਨਰ ਤੋਂ ਨਾਰਾਇਣ ਹੋ ਜਾਣਾ ਲੋਚਦੇ ਹਾਂ। ਜੇ ਅਸੀਂ ਨਰ ਤੋਂ ਨਾਰਾਇਣ ਹੋ ਜਾਈਏ ਤਾਂ ਦੁਨੀਆ ਵਿਚ ਇਸ ਤੋਂ ਵੱਡੀ ਹੋਰ ਪ੍ਰਾਪਤੀ ਕੋਈ ਨਹੀਂ। ਜਿਸ ਭੀ ਪੁਰਸ਼ ਦੇ ਵਿਚਾਰ **ਇਹ ਸਾਨੂੰ ਸਭ ਤੋਂ ਵੱਡੀ ਪ੍ਰਾਪਤੀ** ਹਾਸਲ ਕਰਨ ਵਿਚ ਜਾਂ **ਨਰ ਤੋਂ ਨਾਰਾਇਣ** ਹੋਣ ਵਿਚ ਸਹਾਈ ਹੋਣ, ਉਸੇ ਪੁਰਸ਼ ਦੀ ਕਦਰੋ-ਕੀਮਤ ਸੰਸਾਰ ਵਿਚ ਸਭ ਤੋਂ ਵਧ ਹੋਵੇਗੀ। **ਜਿਸ ਦੇ ਵਿਚਾਰ ਸਾਨੂੰ ਨਰ ਤੋਂ ਨਾਰਾਇਣ ਹੋਣ ਵਿਚ ਸਹਾਇਤਾ ਦਿੰਦੇ ਹਨ, ਉਸਨੂੰ ਅਸੀਂ ਆਖਦੇ ਹਾਂ 'ਸਤਿਗੁਰੂ'।**

ਕੋਈ ਭੀ ਸ਼ਖ਼ਸ ਆਪਣੇ ਵਿਚਾਰ ਦੂਸਰਿਆਂ ਤਕ ਪਹੁੰਚਾਣ ਲਈ ਆਮ ਤੌਰ ਤੇ ਦੋ ਤਰੀਕੇ ਵਰਤਦਾ ਹੈ–ਜੇ ਤਾਂ ਸਰੋਤਾ ਉਸ ਪੁਰਸ਼ ਦੇ ਨੇੜੇ ਹੈ ਤਾਂ ਓਹ ਆਪਣੇ ਵਿਚਾਰ ਬੋਲ ਕੇ ਆਪਣੇ "ਬਚਨਾਂ" ਦੁਵਾਰਾ ਸਰੋਤੇ ਤਕ ਪਹੁੰਚਾਦਾ ਹੈ। ਜੇ ਸਰੋਤਾ ਕਿਤੇ ਦੂਰ ਬੈਠਾ ਹੈ ਤਾਂ ਇਹ ਹੀ "ਬਚਨ" ਲਿਖ ਕੇ ਉਸਨੂੰ ਭੇਜਦਾ ਹੈ। "ਬਚਨ" ਤਾਂ ਓਹ ਹੀ ਹਨ, ਭਾਵੇਂ ਕੰਨਾਂ ਦੁਵਾਰਾ ਸੁਣ ਕੇ ਪ੍ਰਾਪਤ ਕੀਤੇ ਜਾਣ ਤੇ ਭਾਵੇਂ ਲਿਖੇ ਪੜ੍ਹ ਕੇ ਅੱਖੀਆਂ ਦੁਵਾਰਾ ਪ੍ਰਾਪਤ ਕੀਤੇ ਜਾਣ, ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ। ਅਗੋਂ ਅਮਲ ਤਾਂ ਮਨ ਨੇ "ਬਚਨਾਂ" ਅਨੁਸਾਰ ਹੀ ਕਰਨਾ ਹੈ। "ਬਚਨਾਂ" ਤੇ ਕੀਤੇ ਅਮਲ ਨੇ ਸਾਡੇ ਜੀਵਨ ਨੂੰ ਉੱਨਤ ਕਰਨਾ ਹੈ। ਸਤਿਗੁਰ ਦੇ "ਬਚਨਾਂ" ਤੇ ਅਮਲ ਕਰਦੇ ਕਰਦੇ ਇਕ ਵਕਤ ਐਸਾ ਭੀ ਆ ਸਕਦਾ ਹੈ ਜਦੋਂ ਅਸੀਂ "ਨਰ ਤੋਂ ਨਾਰਾਇਣ" ਹੋ ਜਾਈਏ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਨੂੰ ਨਰ ਤੋਂ ਨਾਰਾਇਣ ਹੋਣ ਵਿਚ ਸਹਾਇਤਾ ਸਤਿਗੁਰੂ ਦੇ ਸਰੀਰ ਨੇ ਕੀਤੀ ਜਾ ਸਤਿਗੁਰੂ ਦੇ ਬਚਨਾਂ ਨੇ ਕੀਤੀ। ਜੇ ਤਾਂ ਸਾਡੀ ਸਹਾਇਤਾ ਸਤਿਗੁਰੂ ਦੇ ਸਰੀਰ ਨੇ ਕੀਤੀ ਤਾਂ ਸਾਡਾ 'ਸਤਿਗੁਰੂ' ਸਤਿਗੁਰੂ ਦਾ ਸਰੀਰ ਹੈ, ਤੇ ਜੇ ਸਾਡੀ ਸਹਾਇਤਾ ਸਤਿਗੁਰੂ ਦੇ ਬਚਨਾਂ ਨੇ ਕੀਤੀ ਤਾਂ 'ਸਤਿਗੁਰੂ' ਸਤਿਗੁਰੂ ਦੇ ਬਚਨ ਹਨ। ਜੇ ਤਾਂ ਸਤਿਗੁਰੂ ਨੇ ਸਰੀਰਕ ਤੌਰ ਤੇ ਸਾਨੂੰ ਬਾਹੋਂ ਫੜ ਕੇ ਜਾਂ ਉਂਗਲੀ ਲਾ ਕੇ ਅਕਾਲ ਪੁਰਖ ਦੇ ਸਨਮੁਖ ਲੈ ਜਾਣਾ ਹੈ ਅਤੇ ਸਾਡਾ ਅਕਾਲ ਪੁਰਖ ਨਾਲ ਮਿਲਾਪ ਕਰਾ ਦੇਣਾ ਹੈ ਤਾਂ ਸਾਡਾ ਸਤਿਗੁਰੂ ਹੈ ਸਤਿਗੁਰੂ ਦਾ ਸਰੀਰ। ਪਰ ਜੇ ਸਤਿਗੁਰੂ ਦੇ "ਬਚਨਾਂ" ਤੇ ਅਮਲ ਕਰਕੇ ਸਾਡੀ ਪਹੁੰਚ ਅਕਾਲ ਪੁਰਖ ਤਕ ਹੋਣੀ ਹੈ ਤਾਂ ਸਾਡਾ ਸਤਿਗੁਰੂ ਹੈ ਸਤਿਗੁਰੂ ਦੇ 'ਬਚਨ'। ਗੁਰ ਫ਼ੁਰਮਾਨ ਹੈ–

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥੩॥ (ਕਾਨੜਾ ਮ: ੪–੧੩੧੦)

ਇਹ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਸਤਿਗੁਰੂ ਨੇ ਸਾਨੂੰ ਉਂਗਲੀ ਲਾ ਕੇ ਅਕਾਲ ਪੁਰਖ ਅਗੇ ਨਹੀਂ ਲੈ ਜਾ ਖੜਾ ਕਰਨਾ। ਸਗੋਂ ਮੁਕਤੀ ਦਾ ਰਸਤਾ ਸਤਿਗੁਰੂ ਦੇ ਬਚਨਾਂ ਨੇ ਜਣਾਉਣਾ ਹੈ, ਪਰਤੱਖ ਕਰਨਾ ਹੈ। ਅਕਾਲ ਪੁਰਖ ਦਾ ਮਿਲਾਪ ਸਤਿਗੁਰੂ ਦੇ ਬਚਨਾਂ ਤੇ ਅਮਲ ਕਰਨ ਨਾਲ ਹੀ ਹੋਣਾ ਹੈ। ਸਪੱਸ਼ਟ ਹੈ ਕਿ **ਸਾਡੇ ਸਤਿਗੁਰੂ ਹਨ "ਸਤਿਗੁਰੂ ਦੇ "ਬਚਨ", ਨਾ ਕਿ ਉਨ੍ਹਾਂ ਦਾ ਸਰੀਰ।** ਦੇਹਧਾਰੀ ਗੁਰੂ ਦੀ ਵਕਾਲਤ ਕਰਨ ਵਾਲੇ ਸਜਨ ਉਪਰ ਲਿਖੇ ਤੱਥ ਦੀ ਰੌਸ਼ਨੀ ਵਿਚ ਆਪ ਹੀ ਫ਼ੈਸਲਾ ਕਰ ਲੈਣ ਕਿ ਉਨ੍ਹਾਂ ਨੂੰ ਕਿਹੜੇ ਗੁਰੂ ਦੀ ਲੋੜ ਹੈ, "ਸਰੀਰ



www.AKJ.Org

ਗੁਰੂ'' ਦੀ ਜਾਂ ''ਬਚਨ ਗੁਰੂ'' ਦੀ ?

ਇਹ ਗੱਲ ਤਾਂ ਸਾਫ਼ ਸਿੱਧ ਹੋ ਗਈ ਕਿ ਸਤਿਗੁਰੂ ਦੇ ਬਚਨ ਹੀ ਸਤਿਗੁਰੂ ਹਨ। **'ਸਤਿਗੁਰੂ' ਬਚਨ ਹਨ ਤੇ ਬਚਨ ਹੀ 'ਸਤਿਗੁਰੂ' ਹਨ**। ਸਤਿਗੁਰੂ ਦੀ ਵਡਿਆਈ ਜਾਂ ਉਪਮਾ ਸਭ ਤੋਂ ਜ਼ਿਆਦਾ ਹੁੰਦੀ ਹੈ। ਕਾਰਨ ਇਹ ਹੈ ਕਿ ਸਤਿਗੁਰੂ ਦਾ ਸਿੱਧਾ ਸੰਪਰਕ ਹਰ ਵਕਤ ਅਕਾਲ ਪੁਰਖ ਨਾਲ ਰਹਿੰਦਾ ਹੈ। ਅਕਾਲ ਪੁਰਖ ਦੇ ਵਿਚਾਰਾਂ ਦਾ ਪਰਵਾਹ ਹਰ ਵਕਤ ਸਤਿਗੁਰੂ ਅੰਦਰ ਹੁੰਦਾ ਰਹਿੰਦਾ ਹੈ। ਪਾਣੀ ਦੀ ਟੂਟੀ ਤੋਂ ਜੋ ਜਲ ਅਸੀਂ ਪ੍ਰਾਪਤ ਕਰਦੇ ਹਾਂ, ਕੀ ਇਹ ਜਲ ਟੂਟੀ ਦਾ ਆਪਣਾ ਪਾਣੀ ਹੈ। ਨਹੀਂ, ਪਾਣੀ ਤਾਂ ਉਸ ਟੈਂਕੀ ਦਾ ਜਿਸ ਹੈ ਨਾਲ ਇਹ ਟੂਟੀ ਜੁੜੀ ਹੋਈ ਹੈ। ਇਸੀ ਤਰ੍ਹਾਂ ਸਤਿਗੁਰੂ ਦੇ ਅੰਦਰ ਜੋ ਵਿਚਾਰ ਹਨ, ਅਕਾਲ ਪੁਰਖ ਨਾਲ ਜੁੜੇ ਹੋਣ ਕਾਰਨ ਉਹ ਵਿਚਾਰ ਅਕਾਲ ਪੁਰਖ ਦੇ ਹੁੰਦੇ ਹਨ। ਅਕਾਲ ਪੁਰਖ ਦੇ ਇਨ੍ਹਾਂ ਵਿਚਾਰਾਂ ਨੂੰ ਸਾਡੇ ਤਕ ਪਹੁੰਚਾਣ ਲਈ ਸਤਿਗੁਰੂ ਇਕ ਜ਼ਰੀਆ ਹਨ। ਸਤਿਗੁਰੂ ਜਦੋਂ ਇਨ੍ਹਾਂ ਵਿਚਾਰਾਂ ਨੂੰ ਆਪਣੇ ਬਚਨਾਂ ਦਵਾਰਾ ਬੋਲ ਕੇ ਸਾਨੂੰ ਸੁਣਾਉਂਦੇ ਹਨ ਤਾਂ ਅਸੀਂ ਸਤਿਗੁਰੂ ਦੇ ਸਰੀਰ ਨੂੰ ਸਤਿਗੁਰੂ ਆਖਦੇ ਹਾਂ। ਜਦੋਂ ਇਹ ਹੀ ਬਚਨ ਲਿਖਤ ਦੇ ਰੂਪ ਵਿਚ ਕਿਸੀ ਗਰੰਥ ਵਿਚ ਦਰਜ ਹੁੰਦੇ ਹਨ ਤਾਂ ਇਹ ਗਰੰਥ ਹੀ ਸਾਡੇ ਸਤਿਗੁਰੂ ਹੁੰਦੇ ਹਨ। ਅਸਲ ਵਿਚ ਨਾ ਤੇ ਮਨੁਖਾ ਸਰੀਰ ਤੇ ਨਾ ਹੀ ਗਰੰਥ ਦੀ ਦੇਹ ਸਾਡੇ ਸਤਿਗੁਰੂ ਹਨ, ਸਗੋਂ **ਸਤਿਗੁਰੂ ਹੈ ਸਤਿਗੁਰੂ ਦੇ ਬਚਨ**। ਇਹ ਬਚਨ ਜਿਸ ਸਰੀਰ ਜਾਂ ਗਰੰਥ ਵਿਚ ਭੰਡਾਰ ਹਨ ਓਹੋ ਹੀ ਸਰੀਰ ਜਾਂ ਗਰੰਥ ਸਾਡੇ ਸਤਿਗੁਰੂ ਹਨ। ਹੁਣ ਸਾਡੇ ਪਾਸ ਐਸਾ ਕੋਈ ਸਰੀਰ ਤਾਂ ਹਾਜ਼ਰ ਜਾਂ ਕਾਇਮ ਨਹੀਂ, ਜਿਸ ਵਿਚ ਇਹ ''ਬਚਨ'' ਭੰਡਾਰ ਹੋਣ। ਸਾਡੇ ਪਾਸ ਤਾਂ ਇਕ ਗਰੰਥ ਸਾਹਿਬ ਹਾਜ਼ਰ ਨਾਜ਼ਰ ਹਨ ਜਿਨ੍ਹਾਂ ਵਿਚ ਇਹ ਬਚਨ ਭੰਡਾਰ ਹਨ। ਇਸ ਲਈ ਇਹ ਗਰੰਥ ਸਾਹਿਬ ਹੀ ਸਾਡੇ ਸਤਿਗੁਰੂ ਹਨ। ਚੂੰਕਿ ਸਤਿਗੁਰੂ ਜੀ ਸਰਬ-ਉਤਮ ਤੇ ਸਰਬ-ਉਚ ਹਨ, ਇਸ ਲਈ ਜਿਨ੍ਹਾਂ ਰੁਮਾਲਿਆਂ ਵਿਚ ਸਤਿਗੁਰੂ ਦੀ ਦੇਹ ਦੀ ਸੰਭਾਲ ਕੀਤੀ ਗਈ ਹੈ, ਉਹ ਪੀੜ੍ਹਾ ਜਾਂ ਪਲੰਘ ਜਿਸ ਉਪਰ ਸਤਿਗੁਰੂ ਜੀ ਸ਼ਸੋਭਤ ਹਨ, ਓਹ ਅਸਥਾਨ ਜਿਸ ਵਿਚ ਸਤਿਗੁਰੂ ਜੀ ਬਿਰਾਜਮਾਨ ਹਨ, ਸਭ ਹੀ ਸਾਡੇ ਲਈ ਆਦਰਨੀਯ ਤੇ ਸਤਿਕਾਰ ਯੋਗ ਹੋ ਜਾਂਦੇ ਹਨ।

ਪਿਛੇ ਅਸੀਂ ਪੜ੍ਹ ਆਏ ਹਾਂ ਕਿ ਸਤਿਗੁਰੂ ਦਾ ਸਿੱਧਾ ਸੰਪਰਕ ਸਦਾ ਅਕਾਲ ਪੁਰਖ ਨਾਲ ਰਹਿੰਦਾ ਹੈ। ਸਤਿਗੁਰੂ ਜੀ ਜੋ ਸੰਕੇਤ ਅਕਾਲ ਪੁਰਖ ਤੋਂ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਬਾਣੀ ਦੁਆਰਾ ਸਾਨੂੰ ਪ੍ਰਦਾਨ ਕਰਦੇ ਹਨ। ਇਸੀ ਕਰਕੇ ਬਾਣੀ ਨੂੰ ''ਧੁਰ ਕੀ ਬਾਣੀ'' ਆਖਿਆ ਗਿਆ ਹੈ। ਸਤਿਗੁਰੂ ਜੀ ਸ਼ਾਹਦੀ(ਗਵਾਹੀ) ਭਰਦੇ ਹਨ–

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ ਸੂਹੀ ਮਹਲਾ ੫ ਗੁਣਵੰਤੀ ਪੰਨਾ ੭੬੩॥

ਮੈਂ ਕੋਈ ਬੋਲ ਜਾਂ ਬਾਣੀ ਨਹੀਂ ਜਾਣਦਾ, ਮੈਨੂੰ ਜੋ ਹੁਕਮ ਹੋਇਆ ਉਹ ਹੀ ਬਿਆਨ ਕੀਤਾ ਹੈ। ਹੁਕਮ ਹੈ–

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥੪॥ (੯੮੨)

ਸਤਿਗੁਰੂ ਧੁਰੋਂ ਪ੍ਰਾਪਤ ਹੋਈ ਬਾਣੀ ਕਹਿੰਦਾ ਹੈ, ਉਚਾਰਦਾ ਹੈ, ਅਤੇ ਜਿਹੜਾ ਸੇਵਕ ਜਨ ਉਸ ਨੂੰ ਮੰਨਦਾ ਹੈ, ਉਸ ਤੇ ਅਮਲ ਕਰਦਾ ਹੈ, ਉਸ ਨੂੰ ਪਰਤੱਖ ਤੌਰ ਤੇ ਸਤਿਗੁਰੂ ਨਿਸਤਾਰਦੇ ਹਨ, ਉਸ ਦਾ ਪਾਰ-ਉਤਾਰਾ ਕਰਦੇ ਹਨ। ਇਸੇ ਕਰਕੇ ਹੀ ਤਾਂ ਸਤਿਗੁਰੂ ਦੀ ਬਾਣੀ ਨੂੰ ''ਗੁਰੂ'' ਆਖਿਆ ਹੈ, ਅਤੇ ''ਗੁਰੂ'' ਹੈ ਹੀ ਬਾਣੀ—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (੯੮੨)

''ਗੁਰੂ'' ਆਖੋ ਜਾਂ ''ਸਤਿਗੁਰੂ'', ''ਬਾਣੀ'' ਆਖੋ ਜਾਂ ''ਬਚਨ'', ਇਹ ਹੀ ਸਾਡੇ ਲਈ ਸਭ ਕੁਝ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਪਾਰ ਕਿਰਪਾ ਦੁਆਰਾ ਇਹ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਸੰਕਲਿਤ ਹੋਈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ''ਗੁਰ ਗਦੀ'' ਅਨੁਸਾਰ ਜੁਗਾਂ ਜੁਗਾਂਤਰ ਤਕ, ਇਨਸਾਨੀਅਤ ਦੀ ਰਾਹਬਰੀ (ਅਗਵਾਈ) ਇਸ ''ਸ਼ਬਦ ਗੁਰੂ'' ਗੁਰੂ ਗਰੰਥ ਸਾਹਿਬ ਨੇ ਕਰਨੀ ਹੈ। ਇਸ ਵਿਚ ਦਰਜ ਬਾਣੀ ਹੀ ਸਾਡਾ ਗੁਰੂ ਹੈ, ਹੋਰ ਕੋਈ ਦੇਹਧਾਰੀ ਸਾਡਾ ਗੁਰੂ ਨਹੀਂ ਹੈ।


www.AKJ.Org

# ਧਰਮ ਬਿਨੁ ਧਿਆਨੁ ?

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਕਾਲਕਾਜੀ, ਨਵੀਂ ਦਿਲੀ 19]

ਸਤਿਗੁਰ ਨਾਨਕ ਦੇਵ ਸਾਹਿਬ ਦੇ ਗੂੜ੍ਹ ਤੇ ਰਮਜ਼ਾਂ ਭਰਪੂਰ ਵਿਚਾਰ, ਗਿਆਨ ਮਈ ਉਪਦੇਸ਼, ਸ਼ਬਦਾਂ ਵਿਚ ਇਉਂ ਸਮਾਏ ਹੁੰਦੇ ਹਨ ਜਿਉਂ ਗਾਗਰ ਵਿਚ ਸਾਗਰ। ਅਟੱਲ ਅਧਿਆਤਮਕ ਸਚਿਆਈਆਂ ਦੀ ਵਿਲੱਖਣਤਾ ਤੇ ਭਿੰਨਤਾ ਦਾ ਚਿਤ੍ਰ ਹੇਠ ਲਿਖੇ ਮੁੱਖ ਵਾਕ ਵਿਚ ਨਿਖੜਵੇਂ ਰੂਪ ਵਿਚ ਦਿਖਾਈ ਦਿੰਦਾ ਹੈ—

ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥ ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥

(ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨)

ਹਜ਼ੂਰ ਨੇ ਬਹੁਤ ਜ਼ੋਰਦਾਰ ਸ਼ਬਦਾਂ ਵਿਚ ਸਾਨੂੰ ਤਿੰਨ ਤੱਤਾਂ ਦਾ ਗਿਆਨ ਦ੍ਰਿੜ੍ਹਾਇਆ ਹੈ ਕਿ ਗੁਰੂ ਬਿਨ ਗਿਆਨ, ਧਰਮ ਬਿਨ ਧਿਆਨ ਤੇ ਸਚ ਬਿਨ ਸਾਖੀ ਦਾ ਸਥਿਰ ਰਹਿਣਾ ਬਿਲਕੁਲ ਨਿਰਮੂਲ ਹੈ। ਇਸ ਲੇਖ ਦਾ ਵਿਸ਼ਾ ਗੁਰਬਾਣੀ ਦੀ ਰੌਸ਼ਨੀ ਅੰਦਰ ਧਰਮ ਦੀ ਵਿਸ਼ੇਸ਼ਤਾ ਤੇ ਅਹਿਮੀਅਤ ਦਰਸਾਉਣਾ ਹੈ, ਜਿਸ ਬਿਨਾ ਪ੍ਰਭੂ-ਚਿੰਤਨ, ਸਿਮਰਨ; ਲਗਾਤਾਰ ਯਾਦ ਤੇ ਸਹਜ ਧਿਆਨ ਦੀ ਪ੍ਰਾਪਤੀ ਅਸੰਭਵ ਹੈ।

ਗੁਰੂ ਨਾਨਕ ਦੇਵ ਜੀ ਦੇ ਕਾਲ ਵਿਚ ਦੇਸ਼ ਵਿਚ ਤਿੰਨ ਮੁੱਖ ਸੰਪਰਦਾਵਾਂ ਸਨ, ਜਿਨ੍ਹਾਂ ਨੂੰ ਆਤਮਕ ਖੇਤਰ ਵਿਚ ਧਰਮ ਦੇ ਠੇਕੇਦਾਰ ਸਮਝ ਕੇ ਸਨਮਾਨਿਆ ਜਾਂਦਾ ਸੀ। ਇਹ ਸਨ **ਜੋਗੀ, ਮੌਲਵੀ ਤੇ ਪੰਡਤ**। ਆਪ ਦੀਆਂ ਦੂਰ-ਦਰਸ਼ੀ ਅੱਖੀਆਂ ਨੇ ਇਨ੍ਹਾਂ ਦੀਆਂ ਊਣਤਾਈਆਂ ਕਮਜ਼ੋਰੀਆਂ ਤੇ ਅਗਿਆਨਤਾ ਨੂੰ ਤੱਕ ਕੇ ਸੱਚੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ।

ਧਰਮ ਤੋਂ ਸੱਖਣੇ ਸਿੱਧਾਂ, ਜੋਗੀਆਂ, ਉਦਾਸੀਆਂ ਨੇ ਜਿੰਨਾ ਜ਼ੋਰ ਘਰ ਛੱਡਣ ਤੇ ਲਾਇਆ, ਉਨਾ ਘਰ ਦੀ ਪਕੜ ਤਿਆਗਣ ਤੇ ਨਹੀਂ ਲਾਇਆ। ਕੀ ਲਾਭ ਹੋਇਆ ਗ੍ਰਿਹਸਤੀਆਂ ਦੀ ਨਿੰਦਿਆ ਕਰ ਕੇ ਜੇ ਉਦਰ-ਪੂਰਤੀ ਲਈ ਉਨ੍ਹਾਂ ਦੇ ਦਰ ਦਾ ਸਹਾਰਾ ਲੈਣਾ ਪਿਆ ? ਕੀ ਖੱਟਿਆ ਪਰਵਾਰ ਤਿਆਗ ਕੇ, ਜੇ ਹਰਿ ਨਾਮ ਅਮੁੱਲ ਵਸਤੂ ਨਾ ਬਿਹਾਝ ਕੇ ਰਿੱਧੀਆਂ ਸਿੱਧੀਆਂ ਦੇ ਜਾਲ ਵਿਚ ਫੱਸ ਗਏ ? ਧਰਮ ਦੇ ਗੁਣਾਂ ਤੋਂ ਕੋਰੇ ਅਗਿਆਨੀਆਂ ਨੇ ਇਹ ਸਮਝਿਆ ਕਿ ਗ੍ਰਿਹਸਤ ਦੇ ਐਸ਼ੂਰਜ ਵਿਚ ਨਰਕ ਹੈ, ਪਰ ਇਹ ਨਹੀਂ ਜਾਣਿਆ ਕਿ ਅਗਨੀ ਦੇ ਵਾਤਾਵਰਨ ਵਿਚ ਰਹਿਣ ਵਾਲੇ ਉਦਾਸੀ ਵੀ ਕ੍ਰੋਧ-ਅਗਨ ਦੇ ਸ਼ਿਕਾਰ ਹਨ। ਇਸ ਪ੍ਰਤੀ ਪਾਵਨ ਉਪਦੇਸ਼ ਇਹ ਹੈ :-

ਗ੍ਰਿਹ ਰਾਜ ਮਹਿ ਨਰਕੁ, ਉਦਾਸ ਕਰੋਧਾ ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥
ਦੇਹੀ ਮਹਿ ਜੋ ਰਹੈ ਅਲਿਪਤਾ, ਤਿਸੁ ਜਨ ਕੀ ਪੂਰਨ ਘਾਲੀਐ ॥੨॥

(ਮਾਰੂ ਮਹਲਾ ੫, ਪੰਨਾ ੧੦੭੯)

ਕਾਜ਼ੀ ਲੋਕਾਂ ਦਾ ਨਿੱਤ ਦਾ ਕਰਮ, ਆਪਣੀ ਹਕੂਮਤ ਦਾ ਅਯੋਗ ਲਾਭ ਉਠਾ ਕੇ ਝੂਠ ਬੋਲਣਾ, ਵੱਢੀ ਖਾਣੀ ਤੇ ਬੇਇਨਸਾਫੀ ਕਰ ਕੇ ਨਿਰਦੋਸ਼ ਲੋਕਾਂ ਨੂੰ ਸਜ਼ਾ ਦਿਵਾਉਣੀ ਸੀ। ਜਿਸ ਰਾਜ ਵਿਚ ਰਾਜੇ ਕਸਾਈ ਹੋਣ, ਬਾੜ ਉਲਟੀ ਖੇਤ ਨੂੰ ਖਾਂਦੀ ਹੋਵੇ, ਉਥੇ ਧਰਮ ਦਾ ਪੰਖ ਬਣ ਕੇ ਉਡਣਾ ਸੁਭਾਵਕ ਸੀ। ਮੁਸਲਮਾਨ ਪੀਰਾਂ ਫ਼ਕੀਰਾਂ ਦੀ 'ਸੋਚਣੀ' ਭਾਵੇਂ ਰਾਜਸੀ ਦਬਾਉ ਤੋਂ ਉੱਪਰ ਸੀ, ਫਿਰ ਭੀ ਆਪਣੀ ਜਾਤ ਦੀ ਹਉਮੈ, ਈਰਖਾ ਕ੍ਰੋਧ ਤੇ ਕਰਾਮਾਤੀ ਸ਼ਕਤੀਆਂ ਦੇ ਪ੍ਰਗਟਾਵੇ ਤੋਂ ਸੁਤੰਤਰ ਨਹੀਂ ਸੀ। ਵਲੀ ਕੰਧਾਰੀ ਤੇ ਹਮਜ਼ਾ ਗੌਸ ਦੀਆਂ ਸਾਖੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ।

ਖੱਤਰੀਆਂ ਨੇ ਮੁਗਲ ਹਕੂਮਤ ਦੇ ਪ੍ਰਭਾਵ ਥੱਲੇ ਆ ਕੇ, ਉਨ੍ਹਾਂ ਦੀ ਬੋਲੀ, ਪੁਸ਼ਾਕ, ਖ਼ੁਰਾਕ ਤੇ ਰਹਿਣ ਸਹਿਣ ਦਾ ਢੰਗ ਅਪਣਾਅ ਕੇ ਘਰ ਘਰ ਵਿਚ ਮੀਆਂ ਅਖਵਾਉਣ ਵਿਚ ਫ਼ਖ਼ਰ ਸਮਝਿਆ–

ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ॥੩॥੮॥(ਧਨਾਸਰੀ ਮਹਲਾ ੧ ਪੰਨਾ ੬੬੩)



www.AKJ.Org

ਬ੍ਰਾਹਮਣ ਭਾਵੇਂ ਧੋਤੀ, ਟਿੱਕਾ, ਮਾਲਾ, ਜਨੇਊ ਤੇ ਸੁੱਚੇ ਚਊਕੇ ਦੀ ਵਰਤੋਂ ਦੇ ਹਾਮੀ ਸਨ, ਉਹ ਅੰਦਰ ਬਹਿ ਕੇ ਪੂਜਾ ਕਰਦੇ ਸਨ, ਪਰ ਬਾਹਰੋਂ ਦਿਖਾਵੇ ਲਈ ਕਤੇਬਾਂ ਦਾ ਪੜ੍ਹਨਾ, ਮਲੇਛਾਂ ਦਾ ਧਾਨ ਖਾਣਾ, "ਅਭਾਖਿਆ ਕਾ ਕੁਠਾ ਬਕਰਾ ਖਾਣਾ" ਆਦਿ ਪਤਿਤ ਕਰਮਾਂ ਤੋਂ ਸੰਕੋਚ ਨਹੀਂ ਕਰਦੇ ਸਨ। ਬਾਰ ਪਰਾਏ ਬੈਸਣ ਵਾਲੀ ਹਿੰਦੂ ਜਾਤੀ ਦਾ ਨਿਚੋੜ, ਹੇਠ ਲਿਖੇ ਪਾਵਨ ਸ਼ਬਦਾਂ ਤੋਂ ਪਰਤੱਖ ਰੂਪ ਵਿਚ ਪ੍ਰਗਟ ਹੁੰਦਾ ਹੈ :-

ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥੩॥ (ਗਉੜੀ ਮਹਲਾ ੩, ਪੰਨਾ ੨੪੬)

ਅਰਥਾਤ, ਲੋਭ ਲਹਿਰ ਵਿਚ, ਝੂਠੇ ਮਾਣ ਤਾਣ ਦੀ ਖ਼ਾਤਰ ਕਰਤਾਰ ਨੂੰ ਛੱਡ ਕੇ, ਕ੍ਰਿਤ ਦੀ ਚਾਕਰੀ ਬਹੁਤ ਦੁਖਦਾਈ ਸਿੱਧ ਹੁੰਦੀ ਹੈ, ਕਿਉਂਕਿ ਰੌਸ਼ਨ ਜ਼ਮੀਰ ਤੇ ਧਰਮ ਦੀ ਭਾਵਨਾ ਕੌਡੀ ਦੇ ਭਾਅ ਵਿਕ ਜਾਂਦੀ ਹੈ। ਸਾਰੰਸ਼ ਕਿ ਧਰਮ ਦੇ ਦੈਵੀ ਗੁਣਾਂ ਨੂੰ ਵਿਸਾਰਨ ਵਾਲੇ ਆਗੂਆਂ ਤੋਂ ਕਿਵੇਂ ਆਸਾ ਰੱਖੀ ਜਾ ਸਕਦੀ ਹੈ ਕਿ ਉਹ ਪਰਮਾਤਮਾ ਦੇ ਗਿਆਨ ਧਿਆਨ ਤੇ ਸਿਮਰਨ ਦੀ ਬਖ਼ਸ਼ਸ਼ ਦੇ ਪਾਤਰ ਬਣ ਸਕਣ। ਸਤਿਗੁਰੂ ਨੇ ਇਹਨਾਂ ਤਿੰਨਾਂ ਦੀ ਮਾਨਸਕ ਤੇ ਅਧਿਆਤਮਕ ਅਵਸਥਾ ਦੀ ਪ੍ਰਾਪਤੀ ਦਾ ਪੋਲ ਇਸ ਤਰ੍ਹਾਂ ਖੋਲ੍ਹਿਆ ਹੈ :—

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥੭॥

(ਧਨਾਸਰੀ ਮਹਲਾ ੧, ਪੰਨਾ ੬੬੨)

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਲੋਕ ਸਹਸਕ੍ਰਿਤੀ ਵਿਚ ਧਰਮ ਦੇ ਕੁਛ ਲੱਛਣ ਦੱਸੇ ਹਨ, ਜਿਨ੍ਹਾਂ ਦੀ ਰੌਸ਼ਨੀ ਵਿਚ ਵਡਭਾਗਾ ਜੀਵ ਧਰਮ ਦੀ ਪਉੜੀ ਚੜ੍ਹ ਕੇ ਸਹਜ-ਧਿਆਨ ਦੀ ਪ੍ਰਾਪਤੀ ਦਾ ਸੁਪਨਾ ਸਾਕਾਰ ਕਰ ਸਕਦਾ ਹੈ :—

ਨਹ ਬਿਲੰਬ ਧਰਮੰ, ਬਿਲੰਬ ਪਾਪੰ ॥ ਦ੍ਰਿੜੰਤ ਨਾਮੰ ਤਜੰਤ ਲੋਭੰ ॥
ਸਰਣਿ ਸੰਤੰ ਕਿਲਬਿਖ ਨਾਸੰ ॥ ਪ੍ਰਾਪਤੰ ਧਰਮ ਲਖ੍ਹਿਣ ॥
ਨਾਨਕ ਜਿਹ ਸੁ ਪ੍ਰਸੰਨ ਮਧਵਹ ॥੧੦॥ (ਪੰਨਾ ੧੩੫੪)

**ਵਿਆਖਿਆ**–ਧਰਮ ਕਮਾਉਣ ਵਿਚ ਦੇਰੀ ਨਹੀਂ ਕਰਨੀ, ਮਤਾਂ ਕੋਈ ਰੁਕਾਵਟ ਪੈ ਜਾਵੇ। ਪਾਪ ਕਰਨ ਵਿਚ ਸ਼ੀਘਰਤਾ ਨਹੀਂ ਕਰਨੀ, ਸ਼ਾਇਦ ਕੋਈ ਗੈਬੀ ਸ਼ਕਤੀ ਪਾਪ ਕਰਨ ਤੋਂ ਬਚਾ ਲਵੇ। ਧਰਮ ਤੇ ਪਾਪ ਦੋਨੋਂ ਵਿਪਰੀਤ ਸ਼ਬਦ ਹਨ। ਪਾਪ ਨ ਕਰਨਾ, ਕਿਸੇ ਦਾ ਦਿਲ ਨ ਦੁਖਾਣਾ, ਹਮਦਰਦੀ ਨੇਕੀ ਪਰਉਪਕਾਰ ਤੇ ਭਲੇ ਦਾ ਕੰਮ ਕਰਨਾ, ਧਰਮੀ ਪੁਰਸ਼ ਦਾ ਕਰਤੱਵ ਹੈ। ਧਰਮ ਦਇਆ ਦਾ ਪੁੱਤਰ ਹੈ। ਹਰੇਕ ਜੀਵ ਵਿਚ ਵਾਹਿਗੁਰੂ ਦੀ ਜੋਤਿ ਤੱਕਣੀ, ਸਰਬ ਜੀਆਂ ਤੇ ਦਇਆ ਕਰਨੀ, ਜ਼ੁਲਮ ਤੋਂ ਬਚਣਾ ਆਦਿ ਗੁਣਾਂ ਵਾਲਾ ਧਰਮੀ ਅਖਵਾਉਂਦਾ ਹੈ। ਝੂਠੇ ਕਰਮ ਧਰਮ ਦੀ ਪੂਰਤੀ ਲਈ, ਜਾਂ ਜੀਭ ਦੇ ਸੁਆਦ ਲਈ, ਨਿਰਦਈ ਬਣ ਕੇ ਜੀਵਾਂ ਨੂੰ ਮਾਰਨਾ ਜੇ ਧਰਮ ਹੈ ਤਾਂ ਅਧਰਮ ਕਿਸ ਬਲਾ ਦਾ ਨਾਮ ਹੈ ?

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥੨॥੧॥

(ਮਾਰੂ ਕਬੀਰ ਜੀ, ਪੰਨਾ ੧੧੦੩)

ਹਜ਼ੂਰ ਨੇ ਧਰਮ ਦਾ ਦੂਸਰਾ ਲੱਛਣ ਨਾਮ ਦ੍ਰਿੜ੍ਹ ਹੋਣਾ ਦਸਿਆ ਹੈ। ਨਿਗੁਰੇ ਪੁਰਸ਼ ਦੇ ਨਾਮ ਜੱਪਣ ਦੀ ਘਾਲ ਕੋਹਲੂ ਦੇ ਬਲਦ ਵਾਂਗ ਨਿਹਫਲ ਜਾਂਦੀ ਹੈ। ਗੁਰ-ਦੀਖਿਆ ਕੇਵਲ ਪੂਰੇ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਕੇਵਲ ਖੰਡੇ ਦਾ ਅੰਮ੍ਰਿਤ, ਤੇ ਨਾਮ ਰਸੀਏ ਪੰਜ ਪਿਆਰੇ ਨਾਮ ਦ੍ਰਿੜ੍ਹਾਉਣ ਦੇ ਯੋਗ ਤੇ ਸਮਰੱਥ ਹਨ। ਫੁਰਮਾਨ ਹੈ–

ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ ॥
ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ ॥੧॥੩੭॥

(ਧਨਾਸਰੀ ਮਹਲਾ ੫, ਪੰਨਾ ੬੮੦)



www.AKJ.Org

ਜਿਸ ਹਿਰਦੇ ਵਿਚ ਸੱਚੇ ਨਾਮ ਦੀ ਵਡਿਆਈ ਨਹੀਂ ਵੱਸਦੀ, ਉਹ ਹਿਕਮਤ ਹੁੱਜਤ, ਵਾਦ ਵਿਵਾਦ, ਤੇ ਬਹਿਸ ਮੁਬਾਹਸੇ ਦੀ ਜਿੱਤ ਨੂੰ ਹੀ ਮੰਜ਼ਲ ਸਮਝਦਾ ਰਹੇਗਾ। ਇਸ ਦੇ ਉਲਟ ਗੁਰਮਤਿ ਨਾਮ ਨੂੰ ਇਕ-ਮਨ ਹੋਇ ਕੇ ਜਪਣ ਸੁਣਨ ਵਾਲਾ, ਮੰਨਣ ਵਾਲਾ ਤੇ ਅੰਤਰਗਤਿ ਅਸਗਾਹ ਵਿਚ ਚੁੱਭੀਆ ਲਾਉਣ ਵਾਲਾ ਧਰਮ ਦੇ ਗੁਣਾਂ ਨਾਲ ਨਾਤਾ ਜੋੜਦਾ ਹੈ—

ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥੧੪॥ (ਜਪੁਜੀ ਸਾਹਿਬ, ਪੰਨਾ ੩)

ਤੀਸਰੇ ਮਹਾਨ ਡਾਕੂ, 'ਲੋਭ' ਨੂੰ ਸਿਰਮੌਰਹ, ਅਰਥਾਤ, ਸ਼ਰੋਮਣੀ ਕਹਿ ਕੇ ਪੁਕਾਰਿਆ ਗਿਆ ਹੈ, ਕਿਉਂਕਿ ਇਸ ਦੇ ਅਧੀਨ ਬੰਦੇ ਸ਼ਾਂਤ-ਚਿਤ ਹੋ ਕੇ ਨਹੀਂ ਬਹਿ ਸਕਦੇ, ਐਸੇ ਮਨੁਖ ਸਰੀਰਕ ਤੇ ਮਾਨਸਕ ਤੌਰ ਤੇ ਭਟਕਦੇ ਤੇ ਧਾਉਂਦੇ ਫਿਰਦੇ ਹਨ। ਲੋਭ ਦਾ ਘੇਰਾ ਵਿਸ਼ਾਲ ਹੋ ਜਾਵੇ ਤਾਂ 'ਤ੍ਰਿਸ਼ਨਾ' ਨੂੰ ਨਾਲ ਮਿਲਾ ਲੈਂਦਾ ਹੈ। ਧਿਆਨ ਨੂੰ ਖੇਰੂੰ ਖੇਰੂੰ ਕਰਨਾ ਤ੍ਰਿਸ਼ਨਾ ਦਾ ਖੱਬੇ ਹੱਥ ਦਾ ਕਰਤੱਬ ਹੈ। ਇਹ ਇਕ ਐਸੀ ਤ੍ਰੇਹ ਹੈ ਜਿਹੜੀ ਸਦਾ ਅਬੁੱਝ ਰਹਿੰਦੀ ਹੈ। ਇਹ ਇਕ ਐਸੀ ਅਗਨੀ ਹੈ ਜਿਹੜੀ ਲੱਖਾਂ ਮਣਾਂ ਲੱਕੜਾਂ ਨੂੰ ਭਸਮ ਕਰ ਕੇ ਵੀ ਅਤ੍ਰਿਪਤ ਰਹਿੰਦੀ ਹੈ। ਤ੍ਰਿਸ਼ਨਾ ਤੇ ਲੋਭ ਨੂੰ ਕਾਬੂ ਕਰਨ ਵਾਲਾ ਸੰਤੋਖ ਹੈ, ਜਿਹੜਾ ਅੱਜ ਕਲ੍ਹ ਦੇ ਪਦਾਰਥਵਾਦੀ ਜੀਵਨ ਵਿਚੋਂ ਅਲੋਪ ਹੁੰਦਾ ਜਾ ਰਿਹਾ ਹੈ। ਇਸ ਬਾਰੇ ਪਾਵਨ ਹੁਕਮ ਹੈ—

ਤ੍ਰਿਸਨਾ ਬੁਝੈ ਹਰਿ ਕੈ ਨਾਮਿ॥ ਮਹਾ ਸੰਤੋਖੁ ਹੋਵੈ ਗੁਰਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥

(ਧਨਾਸਰੀ ਮਹਲਾ ੫, ਪੰਨਾ ੬੮੨-੮੩)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਅਟੱਲ ਸਚਿਆਈ ਪਰਗਟ ਕਰ ਦਿਖਾਈ ਹੈ—

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥੧੬॥

ਧਰਤੀ ਨੂੰ ਥੰਮਣ ਵਾਲਾ ਧੌਲ 'ਧਰਮ' ਹੈ। ਇਹ ਧਰਮ 'ਦਇਆ' ਤੋਂ ਉਪਜਦਾ ਹੈ ਅਤੇ ਇਸ ਸੰਸਾਰ ਦੀ ਮਰਯਾਦਾ ਨੂੰ ਸੂਤ ਵਿਚ ਰਖਣ ਵਾਲਾ 'ਸੰਤੋਖ' ਹੈ। ਹਿਰਦਿਆਂ ਵਿਚ ਦਇਆ ਨਾ ਹੋਣ ਕਰਕੇ ਸੰਤੋਖ ਦੀ ਘਾਟ ਅਤੇ ਤ੍ਰਿਸ਼ਨਾ ਦੀ ਬਹੁਲਤਾ ਕਾਰਨ ਸਾਰੇ ਸੰਸਾਰ ਵਿਚ ਅਸ਼ਾਂਤੀ ਵਰਤ ਰਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਹੈ ਕਿ ਜੇ ਤੂੰ ਪਾਣੀ ਦਾ ਤਾਰੂ ਹੋਣਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਪੁੱਛ, ਜਿਨ੍ਹਾਂ ਕੋਲ ਤਰਨ ਦਾ ਹੁਨਰ ਹੈ। ਵਾਸਤਵ ਵਿਚ ਉਹ ਅਸਲ ਸਿਆਣੇ ਸਾਧ ਸੰਤ ਗੁਰਸਿਖ ਹਨ, ਜਿਹੜੇ ਇਹਨਾਂ ਲਹਿਰਾਂ ਵਿਚੋਂ ਲੰਘ ਗਏ ਹਨ। ਉਹ ਨਾ-ਕੇਵਲ ਸ਼ੰਕਿਆਂ ਦੀ ਨਵਿਰਤੀ ਤੇ ਭੁਲੇਖਿਆਂ ਦੇ ਸੰਗਲ ਕੱਟਦੇ ਹਨ, ਬਲਕਿ ਸੰਗਤ ਵਿਚ ਆਏ ਜਗਿਆਸੂਆਂ ਨੂੰ ਨਾਮ ਜਪਣ ਦੀ ਪ੍ਰੇਰਨਾ, ਉੱਦਮ ਤੇ ਉਤਸ਼ਾਹ ਦੇ ਕੇ ਕਿਲਵਿਖਾਂ-ਪਾਪਾਂ ਦੀ ਨਵਿਰਤੀ ਕਰਾਉਣ ਵਿਚ ਸਹਾਈ ਹੁੰਦੇ ਹਨ, ਜਿਸ ਨਾਲ ਅਕਾਲ ਪੁਰਖ ਦੇ ਚਰਨਾਂ ਵਿਚ ਧਿਆਨ ਲੱਗਣਾ ਸੌਖਾ ਹੋ ਜਾਂਦਾ ਹੈ। ਹਜ਼ੂਰ ਦਾ ਫ਼ੁਰਮਾਨ ਹੈ—

ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਨ ਕਉ ॥
ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥੧॥੨੦॥

(ਸਾਰੰਗ ਮਹਲਾ ੫, ਘਰੁ ੩, ਪੰਨਾ ੧੨੦੮)

ਅਨੇਕ ਦੈਵੀ ਗੁਣਾਂ ਵਿਚੋਂ ਧਰਮ ਇਕ ਐਸਾ ਸਰੇਸ਼ਟ ਤੇ ਉੱਤਮ ਗੁਣ ਹੈ ਜਿਸ ਦਾ ਧਾਰਨ ਕਰਨਾ ਗੁਰਸਿਖ ਲਈ ਅਤਿਅੰਤ ਜ਼ਰੂਰੀ ਹੈ। ਚਾਰ ਪਦਾਰਥਾਂ ਵਿਚੋਂ ਧਰਮ ਇੱਕ ਮੁੱਖ ਪਦਾਰਥ ਹੈ। ਪੰਜ ਗੁਣ, ਅਰਥਾਤ ਸਤੁ, ਸੰਤੋਖ, ਦਇਆ, ਧਰਮ, ਸੁੱਚ ਵਿਚ ਵੀ ਧਰਮ ਇਕ ਪਰਧਾਨ ਅੰਗ ਹੈ। ਇਹ ਵੀ ਅਦਭੁਤ ਕੌਤਕ ਹੈ ਜਾਂ ਕ੍ਰਿਸ਼ਮਾ, ਕਿ ਪੰਜਾਂ ਪਿਆਰਿਆਂ ਦੇ ਨਾਮ ਦਇਆ ਸਿੰਘ, ਧਰਮ ਸਿੰਘ ਤੋਂ ਸ਼ੁਰੂ ਹੁੰਦੇ ਹਨ। ਗੁਰਮੁਖ ਪਾਂਧੀ ਲਈ ਧਰਮ ਏਨਾ ਜ਼ਰੂਰੀ ਹੈ ਜਿੰਨਾ ਮੱਛੀ ਨੂੰ ਪਾਣੀ। ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਹਨ :—

ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ ॥
ਆਵਧ ਹੀਣੰ ਜਥਾ ਸੂਰਾ ॥ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ ॥੫੬॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੯)



www.AKJ.Org

ਤਿਲਕ ਨ ਲਾਵੇ ਮੱਥੇ ਤੇ ਉਹ ਕਾਹਦਾ ਬ੍ਰਾਹਮਣ ?
ਜਿਸ ਦਾ ਹੁਕਮ ਨ ਮੰਨੇ ਕੋਈ, ਉਹ ਕਾਹਦਾ ਰਾਜਾ ?
ਜਿਸ ਦੇ ਕੋਲ ਹਥਿਆਰ ਨਹੀਂ, ਉਹ ਸੂਰਾ ਬੇਕਾਰ ਹੈ ?
ਤਿਵੇਂ ਨਿਰਗੁਣ ਦਾ ਪੁਜਾਰੀ ਵੈਸ਼ਨੋ, ਧਰਮ ਬਿਨਾਂ ਬੇਕਾਰ ਹੈ।

ਵੈਸ਼ਨੋ ਵਿਸ਼ਨੂੰ (ਅਕਾਲ ਪੁਰਖ) ਦਾ ਉਪਾਸ਼ਕ ਹੈ। ਇਸ ਦੀ ਪਰੀਭਾਸ਼ਾ ਤੇ ਗੁਣ ਦੋਨੋਂ ਹੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸੁਖਮਨੀ ਸਾਹਿਬ ਦੀ ਨੌਵੀਂ ਅਸ਼ਟਪਦੀ ਵਿਚ ਇਉਂ ਬਿਆਨ ਕੀਤੇ ਹਨ–

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥
ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥
ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥ (ਪੰਨਾ ੨੭੪)

ਸਤਿਗੁਰੂ ਦੀ ਸਿੱਖਾਂ ਤੇ ਅਪਾਰ ਬਖ਼ਸ਼ਸ਼ ਹੈ। ਸਾਨੂੰ ਸੱਚੇ ਧਰਮ ਦਾ ਗਾਡੀ-ਰਾਹ ਦਰਸਾਉਣ ਲਈ ਸਤਿਗੁਰੂ ਨੇ ਆਪ ਧਰਮ ਦਾ ਰਸਤਾ ਅਪਣਾਇਆ ਹੈ :–

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥
ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥੧॥
(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੧)

ਕਈ ਧਰਮ ਫੋਕੀਆਂ ਨਸੀਹਤਾਂ ਤੇ ਉਪਦੇਸ਼ਾਂ ਨਾਲ ਭਰਪੂਰ ਹਨ। ਸਿੱਖ ਧਰਮ ਵਿਚ ਕਰਨੀ ਪਰਧਾਨ ਹੈ, ਕੇਵਲ ਕਥਨੀ ਨੂੰ ਕੋਈ ਥਾਂ ਨਹੀਂ। ਇਹ ਮਾਰਗ ਬੇਸ਼ਕ ਗਾਡੀ-ਰਾਹ ਹੈ, ਪਰ ਹੈ ਕਠਨ। ਜਿਸ ਨੇ ਸਿਰ ਵੇਚਣਾ ਸਿੱਖ ਲਿਆ, ਉਸ ਵਾਸਤੇ ਧਰਮ ਉਤੇ ਚੱਲਣਾ ਸੌਖਾ ਹੋ ਗਿਆ। ਮਨ ਬਚ ਕ੍ਰਮ ਦੀ ਇਕਸੁਰਤਾ ਇਕ ਵਿਸ਼ੇਸ਼ ਅੰਗ ਹੈ। ਸਤਿਗੁਰੂ ਨੇ ਉਪਦੇਸ਼ ਦੇਣ ਤੋਂ ਪਹਿਲਾਂ ਆਪ ਕਮਾਈ ਕੀਤੀ। ਸਤਿਗੁਰ ਨਾਨਕ ਨੇ ਭੁੱਖੇ ਸਾਧੂਆਂ ਦੇ ਲੰਗਰ ਲਈ ਕੇਵਲ ਵੀਹ ਰੁਪਏ ਖਰਚੇ, (ਜਿਸ ਦਾ ਮੁੱਲ ਚਪੇੜਾਂ ਦੇ ਰੂਪ ਵਿਚ ਤਾਰਨਾ ਪਿਆ), ਆਪ ਹੱਥੀਂ ਸੇਵਾ ਕੀਤੀ ਤੇ ਸੇਵਾ ਕਰਨ ਦੀ ਜਾਚ ਸਿਖਾਈ। ਇਸ ਦੇ ਫਲ ਸਰੂਪ ਸਿੱਖ-ਜਗਤ ਵਿਚ ਲੰਗਰ ਦੀ ਮਰਿਆਦਾ, ਇੱਕ ਅਟੁੱਟ ਅੰਗ ਬਣ ਗਈ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਨੇ ਕੁਰਬਾਨੀਆਂ ਦਾ ਐਸਾ ਬੀਜ ਬੀਜਿਆ ਕਿ ਗੁਰਸਿਖ ਲਈ ਆਪਾ ਵਾਰਨਾ ਇਕ ਖਿਡੌਣਾ ਬਣ ਗਿਆ। ਸਿੱਖ ਧਰਮ ਦੀ ਸ੍ਰੇਸ਼ਟਤਾ ਨਾਮ ਸਿਮਰਨ ਤੇ ਪਰਉਪਕਾਰੀ ਨੇਕ ਕਰਮ ਕਰਨ ਵਿਚ ਹੈ :–

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ੮॥੩॥
(ਸੁਖਮਨੀ ਸਾਹਿਬ, ਪੰਨਾ ੨੬੬)

ਧਰਮੀ ਬੰਦਿਆਂ ਨੂੰ ਸ੍ਰੇਸ਼ਟ ਕਰਮ ਕਰਨ ਦੀ ਪ੍ਰੇਰਨਾ ਧਰਮ ਵਿਚੋਂ ਹੀ ਮਿਲਦੀ ਹੈ। ਦੇਸ਼ ਕੌਮ ਲਈ ਜਿਸ ਉੱਚੇ ਪਾਏ ਦੀ ਕੁਰਬਾਨੀ ਗੁਰੂ ਵਾਲੇ ਮਰਜੀਵੜੇ ਕਰਦੇ ਆਏ ਹਨ, ਉਸ ਤਰ੍ਹਾਂ ਦੀ ਨਾਸਤਕ ਨਹੀਂ ਕਰ ਸਕਦੇ। ਇਤਿਹਾਸ ਤੇ ਗੁਰਬਾਣੀ ਗਵਾਹ ਹਨ ਕਿ ਬਾਹਰਲੇ ਹਮਲਾ-ਆਵਰਾਂ ਦੇ ਵੇਗ ਨੂੰ ਤੰਤ੍ਰ ਮੰਤ੍ਰ ਤੇ ਦੇਵੀ ਦੇਵਤਿਆਂ ਦੀਆਂ ਅਸੀਸਾਂ ਰੋਕ ਨਹੀਂ ਸਕੀਆਂ, ਪਰ ਇਕ ਅਕਾਲ ਪੁਰਖ ਦੇ ਪੁਜਾਰੀ ਲਾਡਲੇ ਗੁਰਸਿੱਖਾਂ ਨੇ ਆਪਣੀ ਸੁਰਤੀ ਨੂੰ ਸਤਿਗੁਰ ਦੇ ਪਾਵਨ ਚਰਨਾਂ ਨਾਲ ਜੋੜ ਕੇ ਅਥਾਹ ਅਡੋਲਤਾ, ਸ਼ਕਤੀ, ਨਿਰਭੈਤਾ ਤੇ ਵੀਰਤਾ ਦੇ ਉਹ ਜੌਹਰ ਦਿਖਾਏ ਕਿ ਜਰਵਾਣਿਆਂ ਦਾ ਮੂੰਹ ਸਦਾ ਲਈ ਮੋੜ ਦਿੱਤਾ। ਐਸਾ ਨਿਵੇਕਲਾ ਧਰਮ, ਸੱਚ ਓਟ ਸਤਾਣੀ ਨੀਵ ਤੇ ਉਸਰਿਆ ਹੋਇਆ ਹੈ, ਜਿਸਦਾ ਜ਼ਿਕਰ ਗੁਰਬਾਣੀ ਵਿਚ ਇਸ ਤਰ੍ਹਾਂ ਆਇਆ ਹੈ–

ਅਉਖਧ ਮੰਤ੍ਰ ਤੰਤ੍ਰ ਸਭਿ ਛਾਰ ॥ ਕਰਣੈਹਾਰੁ ਰਿਦੇ ਮਹਿ ਧਾਰੁ ॥


www.AKJ.Org

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੧੪੯॥
(ਗਉੜੀ ਮਹਲਾ ੫, ਪੰਨਾ ੧੯੫-੯੬)

ਗੁਰਸਿੱਖ ਦਾ ਧਰਮ ਸਤਿਗੁਰ ਦੇ ਅੰਮ੍ਰਿਤ ਮਈ ਉਪਦੇਸ਼ ਨੂੰ ਇਕ-ਚਿੱਤ ਹੋ ਕੇ ਸੁਣਨਾ, ਹਿਰਦੇ ਵਿਚ ਵਸਾਉਣਾ, ਅਮਲੀ ਜਾਮਾ ਪਹਿਨਾਉਣਾ ਤੇ ਵਿਵਰਜਿਤ ਕਰਮਾਂ ਦਾ ਤਿਆਗ ਕਰਨਾ ਹੈ। ਇਸ ਤਰ੍ਹਾਂ ਉਹ ਦਸਾਂ ਨਹੁੰਆਂ ਦੀ ਸੁੱਚੀ ਕ੍ਰਿਤ, ਨਾਮ ਕਮਾਈ ਦੀ ਘਾਲ ਤੇ ਸਮਾਜਕ ਅਸਮਾਨਤਾ ਨੂੰ ਦੂਰ ਕਰਨ ਲਈ ਵੰਡ ਛਕਣ ਦੀ ਧਾਰਮਕ ਪਰੰਪਰਾ ਦੁਆਰਾ ਅਕਾਲ ਪੁਰਖ ਦੀ ਨੇੜਤਾ ਪ੍ਰਾਪਤ ਕਰਨਾ ਆਪਣੇ ਜੀਵਨ ਦਾ ਮਨੋਰਥ ਸਮਝਦਾ ਹੈ।

ਕੋਸ਼ ਅਨੁਸਾਰ "**ਨਾਮ ਦਾਨ ਇਸ਼ਨਾਨ**" ਸਿੱਖ ਧਰਮ ਦੇ ਤਿੰਨ ਮੁੱਖ ਅੰਗ ਹਨ। ਬੋਧੀ, ਜੈਨੀ, ਸਿੱਧ ਉਦਾਸੀ ਆਦਿ ਇਨ੍ਹਾਂ ਤਿੰਨਾਂ ਦੇ ਸੰਗਮ ਦੀ ਪਾਰਸ-ਕਲਾ ਤੋਂ ਕੋਹਾਂ ਦੂਰ ਹਨ। ਪਰਉਪਕਾਰ ਦੀ ਭਾਵਨਾ ਤੋਂ ਸੱਖਣੇ 'ਦਾਨਹੁ ਤੇ ਇਸਨਾਨਹੁ ਵੰਜੇ', ਨਾਮ ਕੀਰਤਨ ਦੇ ਰਸ ਤੋਂ ਅਗਿਆਨੀ, ਜੇ ਸਾਧਨਾ ਤੇ ਹੱਠ ਯੋਗ ਦੁਆਰਾ ਸਿੱਧੀ ਪ੍ਰਾਪਤ ਵੀ ਕਰ ਲੈਣ, ਉਹ ਨਿਰਸੰਦੇਹ ਸੂਖਸ਼ਮ ਹਉਮੈ ਤੇ ਖ਼ੁਦਗ਼ਰਜ਼ੀ ਦੇ ਆਧਾਰ ਤੇ ਹੋਵੇਗੀ। ਮਨੋ-ਵਿਗਿਆਨੀ ਤੇ ਗਿਆਨੀ ਧਿਆਨੀ ਇਸ ਤੱਥ ਨਾਲ ਸਹਿਮਤ ਹਨ ਕਿ ਫਲ ਦੀ ਪ੍ਰਾਪਤੀ ਭਾਵਨਾ ਅਨੁਸਾਰ ਹੁੰਦੀ ਹੈ

ਭਾਈ ਗੁਰਦਾਸ ਜੀ ਗੁਰਸਿੱਖ ਦੀ ਪ੍ਰੇਮਾ ਭਗਤੀ ਤੇ ਰਹਿਣੀ ਬਹਿਣੀ ਬਾਰੇ ਫੁਰਮਾਉਂਦੇ ਹਨ :–

ਭਾਉ ਭਗਤਿ ਉਪਦੇਸੁ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ ॥੪॥ (੨੬)

ਫੁਰਨਿਆਂ ਰਹਿਤ ਮਨ ਦੀ ਅਵਸਥਾ, ਅਟੁੱਟ ਲਿਵ, ਨਾ ਉੱਖੜਨ ਵਾਲੀ ਸੁਰਤੀ, ਲਗਾਤਾਰ ਅਨੰਦਮਈ ਬਿਰਤੀ ਤੇ ਅੰਮ੍ਰਿਤ ਭਿੰਨੇ ਸਹਜਿ ਧਿਆਨ ਦਾ ਬਿਰਵਾ ਸੁੱਕੇ ਕੁਮਲਾਏ ਅੰਙਣ ਵਿਚ ਵੀ ਪ੍ਰਫੁੱਲਤ ਹੋ ਜਾਂਦਾ ਹੈ, ਜੇ ਨਿਸ਼ਕਾਮ ਘਾਲ, ਦੈਵੀ ਗੁਣ ਤੇ ਨਦਰਿ ਰਹਿਮਤ ਦੀ ਝੜੀ ਲੱਗ ਜਾਵੇ। ਐਸਾ ਤਾਲਮੇਲ ਫ਼ਰਸ਼ਾਂ ਤੋਂ ਅਰਸ਼ਾਂ ਤਕ ਪਹੁੰਚਾ ਦੇਂਦਾ ਹੈ। ਪਾਵਨ ਹੁਕਮ ਹੈ :–

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥੩੬॥
(ਰਾਮਕਲੀ ਮਹਲਾ ੧, ਸਿਧ ਗੋਸਟਿ ਪੰਨਾ ੯੪੨)

---

## ਪ੍ਰੋ: ਜੋਗਿੰਦਰ ਸਿੰਘ ਨੂੰ ਭਾਈ ਸਾਹਿਬ ਪੁਰਸਕਾਰ

**ਸਿਖ ਧਰਮ ਤੇ ਸਿਖ ਸਾਹਿਤ ਦੇ ਵਿਦਵਾਨ ਪ੍ਰੋ: ਜੋਗਿੰਦਰ ਸਿੰਘ ਦਿੱਲੀ ਗੁ: ਪ੍ਰ: ਕਮੇਟੀ ਨੂੰ, ਸਿਖ ਸਿਧਾਂਤਾਂ ਅਤੇ ਸਿਖ ਪਰੰਪਰਾਵਾਂ ਨੂੰ ਸਥਾਪਿਤ ਕਰਨ ਵਾਲੀਆਂ ਪੁਸਤਕਾਂ "ਜਿਨ੍ਹਾਂ ਧਰਮ ਨਹੀਂ ਹਾਰਿਆ", "ਅਰਦਾਸ ਪਰੰਪਰਾ ਤੇ ਇਤਿਹਾਸ" ਆਦਿ ਲਿਖਣ ਦੀ ਸੇਵਾ ਨਿਭਾਉਣ ਖ਼ਾਤਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ "ਭਾਈ ਸਾਹਿਬ ਭਾਈ ਰਣਧੀਰ ਸਿੰਘ ਮੈਮੋਰੀਅਲ ਪੁਰਸਕਾਰ" ਦੇ ਕੇ ਸਨਮਾਨਤ ਕੀਤਾ ਗਿਆ ਹੈ। ਆਸ ਕਰਦੇ ਹਾਂ ਕਿ ਪ੍ਰੋਫੈਸਰ ਸਾਹਿਬ ਭਾਈ ਸਾਹਿਬ ਭਾਈ ਰਣਧੀਰ ਸਿੰਘ ਲਿਖਤ ਗੁਰਮਤਿ-ਸਾਹਿਤ ਨੂੰ ਅਗੇ ਤੋਰਦੇ ਹੋਏ ਸਿਖ ਨੌਜਵਾਨਾਂ ਨੂੰ ਗੁਰਮਤੀ ਜੀਵਨ ਵਲ ਪ੍ਰੇਰ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹਿਣਗੇ।**

---

[ਸਫ਼ਾ ੨੯ ਦੀ ਬਾਕੀ]

**ਬਾੜੀ, ਦੁਕਾਨਦਾਰੀ, ਨੌਕਰੀ, ਸੰਗਤ ਵਿਚ ਹਾਜ਼ਰੀ ਭਰਨੀ, ਆਪਣੀ ਸਿਹਤ, ਆਦਿ ਦਾ ਖ਼ਿਆਲ ਕੀਤੇ ਬਿਨਾਂ ਭੀ ਗੁਜ਼ਾਰਾ ਨਹੀਂ ਚਲਦਾ। ਇਸ ਲਈ ਲੋੜ ਅਨੁਸਾਰ ਸਮੇਂ ਦੀ ਐਡਜਸਮੈਂਟ (ਅਨੁਕੂਲਤਾ) ਕਰ ਲੈਣੀ ਕੋਈ ਗ਼ਲਤ ਗੱਲ ਨਹੀਂ।**

**ਅੰਮ੍ਰਿਤ ਵੇਲੇ ਦੇ ਉਠਣ ਨੂੰ ਸੌਖਾ ਕਰਨ ਹਿਤ ਇਹ ਜ਼ਰੂਰੀ ਹੈ ਕਿ ਸ਼ਾਮ ਦੇ ਕੀਰਤਨ ਦੀ ਸਮਾਪਤੀ ਅਠ ਕੁ ਵਜੇ ਕਰ ਲਈ ਜਾਇਆ ਕਰੇ, ਤਾਂ ਜੁ ਘੜੀ ਕੁ ਚੱਜ ਨਾਲ ਆਰਾਮ ਵੀ ਕਰ ਲਿਆ ਜਾਏ ਅਤੇ ਰਾਤ ਨੂੰ ਪਰਸ਼ਾਦਾ ਵੀ ਘਟ ਹੀ ਛਕਿਆ ਜਾਏ।**



www.AKJ.Org

# ਅੰਮ੍ਰਿਤ ਵੇਲੇ ਦਾ ਸਮਾ

[ਭਾਈ ਰਾਮ ਸਿੰਘ ਜੀ, ਸੁਕੈਂਡਰਨ ਲੀਡਰ (ਰੀ:), ਅੰਮ੍ਰਿਤਸਰ]

ਇਸ ਸੰਬੰਧੀ ਪ੍ਰਾਣੀਆਂ ਦੇ ਆਪੋ ਆਪਣੇ ਵਿਚਾਰ ਹਨ । ਪਰ ਉਹ ਵਿਚਾਰ ਹੀ ਮੰਨਣ ਜੋਗ ਹੈ, ਜਿਹੜਾ ਗੁਰਬਾਣੀ ਦੇ ਅਨੁਕੂਲ ਹੋਵੇ ।

ਗੁਰਬਾਣੀ ਅੰਦਰ ਹਰ ਵਕਤ, ਰਾਤ ਦਿਨੇ, ਸਾਸ ਗਿਰਾਸ, ਅਠੋ ਪਹਿਰ ਹੀ ਨਾਮ ਜਪਣ ਦੇ ਹੁਕਮ ਹਨ । ਅਜਿਹੇ ਹੁਕਮਾਂ ਦੇ ਹੁੰਦੇ ਹੋਇਆਂ ਭੀ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣ ਦਾ ਵਿਸ਼ੇਸ਼ ਜ਼ਿਕਰ ਆਉਂਦਾ ਹੈ । ਜਿਵੇਂ–

(ੳ) **ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥**
**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥੪॥** (ਜਪੁਜੀ)
ਭਾਵ ਕਿ ਅਕਾਲ ਪੁਰਖ ਦਾ ਪਿਆਰ ਹਾਸਲ ਕਰਨ ਲਈ ਅੰਮ੍ਰਿਤ ਵੇਲੇ ਉਠ ਕੇ ਨਾਮ ਜਪਿਆ ਜਾਏ ।

(ਅ) **ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥੧॥੧੬॥** (੧੨੮੫)
ਭਾਵ ਕਿ ਜੇ ਬਬੀਹਾ (ਗੁਰਸਿਖ) ਅੰਮ੍ਰਿਤ ਵੇਲੇ ਉਠ ਕੇ ਬੋਲਦਾ (ਨਾਮ ਜਪਦਾ) ਹੈ, ਤਾਂ ਇਸ ਦੀ ਪੁਕਾਰ (ਨਾਮ ਜਪਣਾ) ਹਰਿ ਦਰਗਹਿ ਪਰਵਾਨ ਪੈਂਦਾ ਹੈ (ਵਰਨਾ ਨਹੀਂ) ।

(ੲ) **ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥੧੦੭॥** (੧੩੮੩)
(ਤਾੜਨਾ ਹੈ) । ਭਾਵ ਕਿ ਪਹਿਲੀ ਰਾਤ ਆਰਾਮ ਕਰ ਸਕਦੇ ਹੋ, ਸੌਂ ਸਕਦੇ ਹੋ, ਜਾਂ ਸੌਂ ਲਓ, ਪਰ ਪਿਛਲੀ ਰਾਤ ਜ਼ਰੂਰ ਉਠੋ, ਪਹਿਲੀ ਰਾਤ ਅਤੇ ਪਿਛਲੀ ਰਾਤ ਦਾ ਸੁਮੇਲ ਅੱਧੀ ਰਾਤ ਨੂੰ ਹੁੰਦਾ ਹੈ । ਇਹੋ ਅੰਮ੍ਰਿਤ ਵੇਲਾ ਹੈ ।

(ਸ) ਅੰਮ੍ਰਿਤ ਵੇਲੇ ਨੂੰ 'ਨਾਮ ਕੀ ਬੇਲਾ' ਭੀ ਕਿਹਾ ਗਿਆ ਹੈ ਅਤੇ 'ਨਾਮ ਕੀ ਬੇਲਾ' ਵੇਲੇ ਸੌਣ ਨੂੰ ਮਾ ੜਾ ਕਿਹ ਗਿਆ ਹੈ । ਯਥਾ–
**ਬੁਰੇ ਕਾਮ ਕਉ ਉਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥੧॥੮॥** (੭੩੮)
ਭਾਵ ਕਿ ਇਹ ਨਾਮ ਜਪਣ ਕੀ ਬੇਲਾ ਹੈ, ਇਹ ਸਮਾਂ ਘੂਕ ਨੀਂਦੇ ਸੌਣ ਦਾ ਨਹੀਂ ।

(ਹ) **ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
ਏਥੇ ਭੀ 'ਭਲਕ' ਤੋਂ ਭਾਵ ਪਿਛਲ ਰਾਤ ਦਾ ਹੀ ਹੈ । ਅੱਧੀ ਰਾਤ ਪਿਛੋਂ ਭਲਕ ਸ਼ੁਰੂ ਹੋ ਜਾਂਦੀ ਹੈ । ਇਸ ਤੁਕ ਮੁਤਾਬਕ ਤਾਂ ਜੇ ਭਲਕ ਹੁੰਦਿਆਂ ਸਾਰ ਅੰਮ੍ਰਿਤਧਾਰੀ ਸਿਖ ਉਠ ਕੇ ਨਾਮ ਨਹੀਂ ਜਪਦਾ ਤਾਂ ਗੁਰੂ ਸਾਹਿਬ ਉਸ ਨੂੰ ਆਪਣਾ ਸਿਖ ਨਹੀਂ ਸਮਝਦੇ, ਕਿਉਂਕਿ ਅਜਿਹਾ ਵਿਅਕਤੀ ਗੁਰੂ ਦੀ ਸਿਖਿਆ ਉਤੇ ਨਹੀਂ ਚਲ ਰਿਹਾ । ਇਹ ਹੈ ਭੀ ਠੀਕ, ਕਿਉਂਕਿ ਜੇ ਸਿਖ ਨੇ ਗੁਰੂ ਦੀ ਸਿਖਿਆ ਉਤੇ ਨਹੀਂ ਚਲਣਾ ਤਾਂ ਉਹ ਗੁਰੂ ਕਾ ਸਿਖ ਕਿਵੇਂ ਅਖਵਾ ਸਕਦਾ ਹੈ ?

ਹੁਣ ਸਵਾਲ ਉਠਦਾ ਹੈ ਕਿ ਅੰਮ੍ਰਿਤ ਵੇਲੇ ਦੀ ਸੰਭਾਲ ਕਿਤਨੀ ਕੁ ਦੇਰ ਤਕ ਜਾਰੀ ਰਖੀ ਜਾਣੀ ਚਾਹੀਦੀ ਹੈ । ਅੰਮ੍ਰਿਤ ਵੇਲੇ ਦੇ ਸ਼ੁਰੂ ਹੋਣ ਸੰਬੰਧੀ ਤਾਂ ਉਪਰਲੀਆਂ ਤੁਕਾਂ ਬੜੀਆਂ ਸਪੱਸ਼ਟ ਹਨ ਕਿ ਅੱਧੀ ਰਾਤ ਬਾਅਦ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਹਿਤ ਉਪਰਾਲਾ ਸ਼ੁਰੂ ਹੋ ਜਾਣਾ ਚਾਹੀਦਾ ਹੈ । ਹੁਣ ਗੱਲ ਰਹੀ ਕਿ ਇਹ ਉਪਰਾਲਾ ਕਿਤਨੀ ਕੁ ਦੇਰ ਤਕ ਜਾਰੀ ਰਹਿਣਾ ਚਾਹੀਦਾ ਹੈ ?

ਮਨ ਚਿਤ ਲਾ ਕੇ ਤਾਂ ਅਕਾਲ ਪੁਰਖ ਦੀ ਉਪਮਾ ਕਰਨ ਦਾ ਕਦੇ ਵੀ ਰੱਜ ਆ ਨਹੀਂ ਸਕਦਾ । ਯਥਾ–
**ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥੨॥੨੩॥** (੩੧੩)
ਭਾਵ ਕਿ ਗੁਰਸਿਖ ਅੰਮ੍ਰਿਤ ਵੇਲੇ ਉਠ ਕੇ, ਨਾਮ ਜਪੀ ਤੁਰਿਆ ਜਾਏ । ਪਰ ਸੰਸਾਰੀ ਜ਼ਿਮੇਵਾਰੀਆਂ, ਖੇਤ

[ ਬਾਕੀ ਦੇਖੋ ਸਫ਼ਾ ੨੮ ਹੇਠ ]



www.AKJ.Org

# ਹੁਕਮ, ਰਜ਼ਾ ਤੇ ਭਾਣਾ

[ਪ੍ਰਿੰਸੀਪਲ ਨਾਹਰ ਸਿੰਘ ਗਰੇਵਾਲ, ਕ੍ਰਿਸ਼ਨਾ ਨਗਰ, ਲੁਧਿਆਣਾ]

**ਕੀਤਾ ਪਸਾਉ, ਏਕੋ ਕਵਾਉ–**

ਸ੍ਰਿਸ਼ਟੀ ਦੀ ਉਤਪਤੀ ਜਾਂ ਪ੍ਰਿਥਮ ਹੋਂਦ ਵੱਖਰੇ ਵੱਖਰੇ ਮੱਤਾਂ ਜਾਂ ਮਜ਼ਹਬਾਂ ਦੇ ਅਵਤਾਰਾਂ ਪੈਗੰਬਰਾਂ ਨੇ ਆਪੋ ਆਪਣੇ ਅਨਭਵ-ਗਿਆਨ ਅਨੁਸਾਰ ਵਖ-ਵਖ ਢੰਗਾਂ ਨਾਲ ਹੋਈ ਦੱਸੀ ਹੈ। ਇਸ ਗੱਲ ਨੂੰ ਸਪੱਸ਼ਟ ਕਰਦਿਆਂ ਦਸਮੇਸ਼ ਜੀ 'ਬੇਨਤੀ ਚੌਪਈ' ਵਿਚ ਫੁਰਮਾਉਂਦੇ ਹਨ :–

ਆਪ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ–

ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ ॥੨੧॥ (ਜਪੁਜੀ)

ਇਸ ਕਥਨ ਤੇ ਸਾਰੇ ਸਰਬ-ਸੰਮਤੀ ਨਾਲ ਸਹਿਮਤ ਹਨ ਕਿ ਪਰਮ ਸ਼ਕਤੀਮਾਨ, ਸਿਰਜਨਹਾਰ ਨੇ ਇਕੋ ਬਚਨ, ਕੌਲ, ਹੁਕਮ ਜਾ ਕਵਾਉ ਰਾਹੀਂ ਸ੍ਰਿਸ਼ਟੀ ਦੀ ਰਚਨਾ ਕਰ ਦਿੱਤੀ। ਗੁਰੂ ਸਾਹਿਬਾਨ ਦਾ ਫ਼ੁਰਮਾਨ ਹੈ–

(ੳ) ਕੀਤਾ ਪਸਾਉ, ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥੧੬॥ (ਜਪੁਜੀ)
(ਅ) ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਮਾਰੂ ਮ: ੫–੧੦੦੩

ਜਦੋਂ ਅਜੇ ਸਿਰਜਨਹਾਰ ਨੇ ਸ੍ਰਿਸ਼ਟੀ ਸਿਰਜੀ ਹੀ ਨਹੀਂ ਸੀ ਤਾਂ 'ਅਰਬਦ, ਨਰਬਦ, ਧੁੰਧੂਕਾਰ' ਹੀ ਸੀ ਤੇ ਅਕਾਲ ਪੁਰਖ ਸੁੰਨ-ਸਮਾਧਿ ਇਸਥਿਤ ਸੀ। ਫਿਰ ਉਸ ਦੀ ਰਜ਼ਾ ਹੋਈ ਅਤੇ ਉਸ ਨੂੰ ਭਾਇਆ ਤਾਂ ਉਸ ਦੇ ਹੁਕਮ ਅਨੁਸਾਰ– ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥੧੩॥ (ਬੇਨਤੀ ਚੌਪਈ)

ਇਸਲਾਮ ਅਨੁਸਾਰ ਖ਼ੁਦਾ ਨੇ 'ਕੁੰਨ' ਆਖਿਆ, ਜਿਸ ਦੇ ਅਰਥ ਹਨ "ਹੋ ਜਾ", ਤੇ ਕਾਇਨਾਤ ਵਜੂਦ ਵਿਚ ਆ ਗਈ।

**ਹੁਕਮ–**

ਹੁਕਮ ਪ੍ਰਭੂ ਦੀ ਅਜਿਹੀ ਸੱਤਾ, ਸ਼ਕਤੀ ਦਾ ਨਾਮ ਹੈ, ਜਿਸ ਸਦਕਾ ਸੰਸਾਰ ਦੀ ਹਰ ਉਪਜ ਹੋਈ ਹੈ ਤੇ ਹੁੰਦੀ ਹੈ ਤੇ ਨਾਲ ਹੀ ਉਸ ਸਤਾ ਦੁਆਰਾ ਹਰ ਤਰ੍ਹਾਂ ਨਾਲ ਹਰੇਕ ਦੀ ਦੇਖ-ਭਾਲ ਵੀ ਹੋ ਰਹੀ ਹੈ :

ਹੁਕਮੇ ਧਰਤੀ ਸਾਜੀਅਨੁ ਸਚੀ ਧਰਮਸਾਲਾ ॥ ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥
ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮ ਨਿਰਾਲਾ ॥ ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥੧॥
[ਵਾਰ ਸੂਹੀ ਮ: ੩, ਪੰਨਾ ੭੮੫

ਇਸ ਕਰਕੇ ਜ਼ਰੂਰੀ ਹੈ ਕਿ– ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥੧॥ [ਜਪੁਜੀ

ਜੀਵ ਦੇ ਕੀਤੇ ਕਰਮਾਂ ਅਨੁਸਾਰ, ਪਰਮਾਤਮਾ ਨੇ ਧੁਰ ਤੋਂ ਹੀ ਜੋ ਕੁਛ ਹੁਕਮ ਜਾਂ ਫ਼ੈਸਲਾ ਲਿਖ ਦਿੱਤਾ ਹੈ, ਉਸਨੂੰ 'ਸਤਿ ਬਚਨ' ਆਖ ਕੇ ਮੰਨਣ ਵਿਚ ਹੀ ਮਨੁੱਖੀ ਭਲਾ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਫੁਰਮਾਉਂਦੇ ਹਨ : ਹੁਕਮਿ ਮੰਨਿਐ, ਹੋਵੈ ਪਰਵਾਣੁ, ਤਾ ਖਸਮੈ ਕਾ ਮਹਲੁ ਪਾਇਸੀ ॥੧੫॥

ਸਤਿਗੁਰਾਂ ਦਾ ਹੁਕਮ ਪਾਲਣ ਦੁਆਰਾ ਹੀ ਪੂਰਨ ਸਿਦਕੀ ਤੇ ਵਿਸ਼ਵਾਸੀ ਸਿੱਖ ਗੁਰਗੱਦੀ ਦੇ ਅਧਿਕਾਰੀ ਬਣ ਗਏ। ਤਾਂ ਤੇ ਹੁਕਮ ਦੀ ਕਾਰ ਕਮਾਉਣ ਵਿਚ ਹੀ ਗੁਰਸਿਖ ਦਾ ਲੋਕ ਪਰਲੋਕ ਸੁਧਰਨਾ ਹੈ। ਜਪੁਜੀ ਦੀ ਦੂਜੀ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਜ਼ਾ ਦੇ ਮਾਲਕ ਪ੍ਰਭੂ ਦੇ ਹੁਕਮ ਦੀ ਵਿਆਖਿਆ ਤੇ ਮਹਿਮਾ ਕੀਤੀ



www.AKJ.Org

ਹੈ, ਜਿਸ ਦੇ ਅੰਤ੍ਰੀਵ ਭਾਵ ਦਾ ਵਿਸਥਾਰ ਇਸ ਤਰ੍ਹਾਂ ਹੈ :–

੧. ਈਸ਼ਵਰੀ ਹੁਕਮ ਨਾਲ ਹੀ ਸਾਰੀ ਸ੍ਰਿਸ਼ਟੀ ਰਚੀ ਗਈ, ਅਜਿਹਾ ਹੁਕਮ ਬਿਆਨਿਆ ਨਹੀਂ ਜਾ ਸਕਦਾ।

੨. ਹੁਕਮ ਸਦਕਾ ਹੀ ਜੀਵਾਂ ਦੀ ਉਤਪਤੀ ਹੁੰਦੀ ਹੈ ਤੇ ਹੁਕਮ ਅੰਦਰ ਹੀ ਜੀਵਾਂ ਨੂੰ ਵਡਿਆਈ ਮਿਲਦੀ ਹੈ।

੩. ਜੀਵਾਂ ਦਾ ਚੰਗਾ ਮੰਦਾ ਹੋਣਾ ਵੀ ਹੁਕਮ ਅੰਦਰ ਹੀ ਹੈ। ਹੁਕਮ ਅੰਦਰ ਲਿਖੇ ਦੁੱਖ ਤੇ ਸੁੱਖ ਭੋਗਣੇ ਪੈਂਦੇ ਹਨ।

੪. ਕਈਆਂ ਨੂੰ ਹੁਕਮ ਅੰਦਰ ਬਖਸ਼ਿਸ਼ਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਕਈ ਰੱਬੀ ਹੁਕਮ ਅੰਦਰ (ਆਪਣੇ ਕੀਤੇ ਕਰਮਾਂ ਅਨੁਸਾਰ) ਖੁਆਰ ਹੁੰਦੇ ਫਿਰਦੇ ਹਨ।

੫. ਸਮੂਹ ਸੰਸਾਰ ਉਸ ਦੇ ਹੁਕਮ ਅੰਦਰ ਚਲ ਰਿਹਾ ਹੈ, ਹੁਕਮ ਤੋਂ ਬਾਹਰ ਕੋਈ ਨਹੀਂ।

੬. ਅੰਤਲੀ ਪੰਕਤੀ ਵਿਚ ਗੁਰੂ ਨਾਨਕ ਦੇਵ ਜੀ ਸਪੱਸ਼ਟ ਕਰ ਦਿੰਦੇ ਹਨ ਕਿ ਜੇ ਕੋਈ ਮਨੁੱਖ ਰੱਬ ਦੇ ਹੁਕਮ ਨੂੰ ਸਮਝ ਲਵੇ ਤਾਂ ਫਿਰ ਉਹ "ਮੈਂ, ਮੈਂ" ਨਹੀਂ ਕਰਦਾ। ਉਹ ਇਸ ਗੱਲ ਦਾ ਧਾਰਨੀ ਬਣ ਜਾਂਦਾ ਹੈ ਕਿ ਈਸ਼ਵਰੀ ਹੁਕਮ ਅੰਦਰ ਜੋ ਕੁਝ ਹੋ ਰਿਹਾ ਹੈ, ਮੇਰੇ ਕੀਤੇ ਕਰਮਾਂ ਦਾ ਫਲਸਰੂਪ ਹੈ। ਫਿਰ ਹੰਕਾਰ ਉਸ ਦੇ ਨੇੜੇ ਨਹੀਂ ਢੁਕਦਾ ਅਤੇ ਮੇਰ-ਤੇਰ ਉਸਦੇ ਅੰਦਰੋਂ ਨਿਕਲ ਜਾਂਦੀ ਹੈ। ਉਹ ਆਪਣੇ ਕੀਤੇ ਮੰਦੇ ਕਰਮਾਂ ਲਈ ਪਰਮਾਤਮਾ ਨੂੰ ਨਹੀਂ ਕੋਸਦਾ ਅਤੇ ਨਾ ਹੀ ਸ਼ੁਭ ਕਰਮਾਂ ਲਈ ਆਪਾ ਜਣਾਉਂਦਾ ਹੈ।

ਗੁਰ ਫੁਰਮਾਨ ਅਨੁਸਾਰ "ਸਭੁ ਤੇਰਾ ਹੁਕਮੁ ਵਰਤਦਾ" ਹੈ। ਹੁਕਮ ਵਿਚ ਦੁਖ ਸੁਖ ਵਿਆਪਦੇ ਹਨ। ਪਰ ਹੁਕਮ ਵਿਚ ਸਦਾ ਸ਼ਾਂਤ-ਚਿਤ ਰਹਿਣਾ ਕਿਸੇ ਵਿਰਲੇ ਗੁਰੂ ਕੇ ਲਾਲ ਦੇ ਹਿਸੇ ਹੀ ਆਉਂਦਾ ਹੈ। ਕਈ ਵਾਰ ਮਨੁਖ ਨੂੰ ਜਦ ਕਦੀ ਕਿਸੇ ਪਰਕਾਰ ਦੀ ਕੋਈ ਸੱਟ ਵੱਜਦੀ ਹੈ ਤਾਂ ਉਸ ਦੇ ਜੀਵਨ ਦਾ ਦ੍ਰਿਸ਼ਟੀਕੋਣ ਹੀ ਬਦਲ ਜਾਂਦਾ ਹੈ। ਕਿਸੇ ਮਾੜੇ ਮਨੁਖ ਨਾਲ ਚੰਗਾ ਸਲੂਕ ਕਰੀਏ ਤਾਂ ਉਹ ਮਾੜਾ ਮਨੁਖ ਸੁਧਰ ਸਕਦਾ ਹੈ, ਪਰ ਜੇ ਕਿਸੇ ਚੰਗੇ ਮਨੁਖ ਨਾਲ ਧੱਕਾ ਕਰੀਏ, ਅਨਿਆਂ ਕਰੀਏ ਤਾਂ ਰੋਸ ਵਜੋਂ ਉਹ ਵਿਗੜ ਸਕਦਾ ਹੈ, ਉਸ ਦੀ ਵਿਚਾਰ-ਧਾਰਾ ਬਦਲ ਸਕਦੀ ਹੈ ਅਤੇ ਉਹ ਉਹ ਬਾਗੀ ਹੋ ਕੇ ਕੁਝ ਕਰ ਬੈਠਦਾ ਹੈ, ਜਿਸ ਦੀ ਕਿ ਉਸ ਤੋਂ ਆਸ ਨਹੀਂ ਹੁੰਦੀ।

## ਰੱਬੀ ਹੁਕਮ ਪਰਨਾਲੀ–

ਜਪੁਜੀ ਦੀ ਤੀਜੀ ਪਉੜੀ ਦੇ ਅੰਤ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ :–

ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥

ਭਾਵ, ਹੁਕਮ ਦੇ ਮਾਲਕ ਪਰਮਾਤਮਾ ਦਾ ਹੁਕਮ ਸਾਰੀ ਸ੍ਰਿਸ਼ਟੀ ਦੀ ਕਾਰ ਨੂੰ ਨਿਯਮ-ਬੱਧ, ਰੱਬੀ ਵਿਧਾਨ ਦੁਆਰਾ ਚਲਾ ਰਿਹਾ ਹੈ। ਜਿਵੇਂ ਸੰਸਾਰ ਵਿਚ ਹਕੂਮਤਾਂ ਨੇ ਪ੍ਰਬੰਧ ਕਰਨ ਲਈ ਆਪੋ ਆਪਣੇ ਵਿਧਾਨ-ਕਾਨੂੰਨ ਘੜੇ ਹੋਏ ਹਨ, ਇਸੇ ਤਰ੍ਹਾਂ ਸ੍ਰਿਸ਼ਟੀ ਦੇ ਰਚਣਹਾਰ ਕਾਦਰ ਦਾ ਵੀ ਆਪਣਾ ਕਾਨੂੰਨੇ-ਕੁਦਰਤ ਹੈ, ਅਥਵਾ ਈਸ਼ਵਰੀ ਨਿਯਮਾਵਲੀ ਹੈ। ਇਹ ਨਿਯਮਾਵਲੀ ਸਦੀਵੀ ਤੇ ਅਬਿਨਾਸ਼ੀ ਹੈ। ਦੁਨਿਆਵੀ ਵਿਧਾਨਾਂ ਵਾਂਗੂ ਨਿਜੀ ਮਜਬੂਰੀਆਂ ਨੂੰ ਮੁੱਖ ਰੱਖ ਕੇ ਇਸ ਵਿਚ ਕੋਈ ਤਬਦੀਲੀ ਨਹੀਂ ਹੁੰਦੀ। ਇਹੋ ਈਸ਼ਵਰੀ ਵਿਧਾਨ ਹੀ ਪਰਮ ਸਤਿ ਦੇ ਹੁਕਮ ਦਾ ਦਿਸਦਾ, ਵਾਪਰਦਾ, ਪਰਗਟ ਤੇ ਪ੍ਰਕਾਸ਼ਵਾਨ ਸਰੂਪ ਹੈ। ਉਹ ਸਰਬ-ਵਿਆਪੀ, ਸਰਬ-ਸ਼ਕਤੀਮਾਨ ਤੇ ਅੰਤਰਜਾਮੀ ਆਪਣੇ ਪ੍ਰਬੰਧ ਨੂੰ ਭਲੀ ਭਾਂਤ ਚੱਲਦਾ ਦੇਖ ਦੇਖ ਕੇ ਪ੍ਰਸੰਨ ਹੁੰਦਾ ਹੈ।

## ਰਜ਼ਾ ਅਤੇ ਭਾਣਾ ਮੰਨਣਾ–

ਰਜ਼ਾ ਅਤੇ ਭਾਣਾ ਮੰਨਣ ਦੇ ਅਰਥਾਂ ਵਿਚ ਬਹੁਤਾ ਨਿਖੇੜ ਨਹੀਂ, ਇਹ ਇਕੋ ਹੀ ਭਾਵ ਦੇ ਦੋ ਸ਼ਬਦ ਹਨ। ਰਜ਼ਾ ਅਰਬੀ ਬੋਲੀ ਦਾ ਸ਼ਬਦ ਹੈ। ਇਸ ਦੇ ਅਰਥ ਮਰਜ਼ੀ, ਖੁਸ਼ੀ, ਪਸੰਦਗੀ, ਰਜ਼ਾਮੰਦੀ, ਭਾਅ ਜਾਣਾ ਆਦਿ ਹਨ। ਭਾਵ, ਜੋ ਰੱਬ ਨੂੰ ਪਸੰਦ ਹੋਵੇ, ਚੰਗਾ ਲੱਗੇ, ਉਸ ਨੂੰ ਭਾਵੇ, ਉਸਦੀ ਰਜ਼ਾ ਹੈ। ਤਾਂ ਤੇ ਅਜਿਹੀ ਕਾਰਕਰਦਗੀ ਤੇ ਗੱਲਬਾਤ ਹੀ ਕਰਦੇ ਰਹਿਣਾ ਚਾਹੀਦਾ ਹੈ, ਜੋ ਉਸ ਨੂੰ ਭਾਅ ਜਾਵੇ। ਸਤਿਗੁਰੂ ਦਾ ਫੁਰਮਾਨ ਹੈ :–

ਸੋ ਕਰੇ ਜਿ ਤਿਸੈ ਰਜਾਇ ॥੨੪॥ (ਆਸਾ ਦੀ ਵਾਰ)



www.AKJ.Org

ਅਤੇ–ਜੋ ਕਿਛੁ ਅਹੈ ਸਭ ਤੇਰੀ ਰਜਾਇ ॥੧॥ਰਹਾਉ॥ (ਭੈਰਉ ਮ: ੧, ਪੰਨਾ ੧੧੨੫)

ਜਿਹੋ ਜਿਹੇ ਮਨੁਖ ਨੇ ਕਰਮ ਕੀਤੇ ਹੁੰਦੇ ਹਨ, ਉਨ੍ਹਾਂ ਅਨੁਸਾਰ ਉਸ ਨੂੰ ਦੁਖ ਸੁਖ ਭੋਗਣੇ ਪੈਂਦੇ ਹਨ। ਜਦ ਤਕ ਪ੍ਰਭੂ ਦੀ ਮਿਹਰ, ਬਖ਼ਸ਼ਸ਼, ਕਿਰਪਾ ਦ੍ਰਿਸ਼ਟੀ ਨਹੀਂ ਹੁੰਦੀ, ਮਨੁੱਖ ਕੀਤੇ ਕਰਮਾਂ ਦਾ ਬਝਾ ਭਟਕਦਾ ਫਿਰਦਾ ਹੈ। ਪਰ ਜਦੋਂ ਇਨ੍ਹਾਂ ਦੁਖਾਂ ਸੁਖਾਂ ਵਿਚ ਵਿਚਰਦਾ ਹੋਇਆ ਮਨੁਖ ਪ੍ਰਭੂ ਦੀ ਰਜ਼ਾ ਵਿਚ ਆ ਜਾਵੇ, ਦੁਖਾਂ ਸੁਖਾਂ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਸਮਝੇ ਅਤੇ ਪ੍ਰਭੂ ਦਾ ਭਾਣਾ ਮਿੱਠਾ ਕਰ ਮੰਨੇ ਤਦੋਂ ਪ੍ਰਭੂ ਦਾ ਕਰਮ, ਫ਼ਜ਼ਲ ਅਰਥਾ ਮਿਹਰ ਨੂੰ ਪ੍ਰਾਪਤ ਹੋ ਸਕਦਾ ਹੈ। ਗੁਰ ਫੁਰਮਾਨ ਹੈ–

ਜੇਤੀ ਸਿਰਠਿ ਉਪਾਈ ਵੇਖਾ, ਵਿਣੁ ਕਰਮਾ ਕਿ ਮਿਲੈ ਲਈ ॥੬॥ (ਜਪੁਜੀ)

ਵਿਣੁ ਕਰਮਾ ਕਿਛੁ ਪਾਈਐ ਨਾਹੀ, ਜੇ ਬਹੁਤੇਰਾ ਧਾਵੈ ॥੨॥੪॥ [ਤਿਲੰਗ ਮ: ੧, ਪੰਨਾ ੭੨੨

ਤਾਂ ਤੇ ਉਸ ਦੀ ਰਜ਼ਾ ਵਿਚ ਹਰ ਰੰਗ ਵਿਚ ਚੜ੍ਹਦੀਆਂ ਕਲਾ ਵਿਚ ਇਹੋ ਜੋਦੜੀਏ ਕਰੀਏ—

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥ (ਜਪੁਜੀ)

ਸਦਾ ਇਹੋ ਅਰਦਾਸ ਕੀਤੀ ਜਾਏ, ਹੇ ਮਾਲਕ ! ਉਹੋ ਕੰਮ ਕਰਾਵੀਂ ਜੋ ਤੈਨੂੰ ਭਾਵੇ, ਉਹ ਨ ਕਰਾਵੀਂ ਜੋ ਤੈਨੂੰ ਨਾ ਭਾਵੇ। ਪ੍ਰਭੂ ਭਾਣੇ ਅੰਦਰ ਭਾਵੇਂ ਦੁਖ, ਭੁੱਖ ਦੀ ਮਾਰ ਹੀ ਪਵੇ, ਉਹ ਵੀ ਪ੍ਰਭੂ ਦੀ ਬਖਸ਼ੀਸ਼ ਹੀ ਮੰਨ ਕੇ ਖੁਸ਼ੀ ਨਾਲ ਬਰਦਾਸ਼ਤ ਕਰਨੀ ਲੋੜੀਦੀ ਹੈ।

ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥

ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥੨੫॥ (ਜਪੁਜੀ)

ਜਪੁ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਹੈ ਕਿ ਬੰਦੇ ਦੇ ਵਸ ਕੁਝ ਨਹੀਂ, ਸਭ ਕੁਝ ਉਸ ਦੀ ਰਜ਼ਾ ਵਿਚ ਹੈ। ਇਥੋਂ ਤੀਕ ਕਿ ਬੰਦੇ ਦਾ ਜੀਉਣਾ ਤਾਂ ਇਕ ਪਾਸੇ ਰਿਹਾ, ਮਰਨਾ ਵੀ ਉਸ ਦੇ ਵਸ ਦੀ ਗੱਲ ਨਹੀਂ। ਜਿਸ ਰਾਜ ਭਾਗ ਦੇ ਸੰਕਲਪ ਕਰਕੇ ਮਨੁਖ ਅੰਦਰ ਫ਼ਤੂਰ ਮਚਿਆ ਰਹਿੰਦਾ ਹੈ, ਉਸ ਰਾਜ ਤੇ ਮਾਲ ਦੀ ਪ੍ਰਾਪਤੀ ਵਿਚ ਵੀ ਕਿਸੇ ਦਾ ਕੋਈ ਜ਼ੋਰ ਨਹੀਂ ਚਲ ਸਕਦਾ।

ਜੋਰੁ ਨ ਜੀਵਣਿ, ਮਰਣਿ ਨ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥੩੩॥ (ਜਪੁਜੀ)

ਮੁਕਦੀ ਗੱਲ ਇਹੋ ਹੈ ਕਿ ਸ਼ੁਕਰ ਸ਼ੁਕਰ ਕਰਦੇ ਵਾਹਿਗੁਰੂ ਦੀ ਹਰ ਗੱਲ, ਹਰ ਕਰਨੀ, ਹਰ ਭਾਵੀ ਨੂੰ 'ਜੀ ਆਇਆਂ' ਆਖੀਏ ਅਤੇ ਉਸ ਦਾ ਹੁਕਮ, ਰਜ਼ਾ ਤੇ ਭਾਣਾ ਮਿੱਠਾ ਕਰ ਕੇ ਮੰਨੀ ਜਾਈਏ। ਉਸ ਦੇ ਹੁਕਮ, ਰਜ਼ਾ ਤੇ ਭਾਣੇ 'ਤੇ ਕਿੰਤੂ ਗਿਲਾ, ਰੋਸ ਨ ਕਰੀਏ। ਸਦਾ ਇਉਂ ਹੀ ਜੋਦੜੀ ਕਰੀਏ–

ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ਰਹਾਉ॥ [ਨਟ ਨਾਰਾਇਨ ਮ: ੫,ਪੰਨਾ ੯੭੮

ਭਾਣੇ ਨੂੰ ਮਿੱਠਾ ਕਰਕੇ ਮੰਨਣਾ ਗੁਰੂ ਕੇ ਹੁਕਮੀ ਬੰਦਿਆਂ ਅਤੇ ਸੂਰਮਿਆਂ ਦਾ ਕੰਮ ਹੈ। ਭਾਣਾ ਮੰਨਣਾ ਕੋਈ ਸੌਖੀ ਖੇਡ ਨਹੀਂ, ਮੁਸ਼ਕਲ ਬਣੀ 'ਤੇ ਬੜੇ ਬੜੇ ਸੋਝੀਵਾਨ ਵੀ ਡੋਲ ਜਾਂਦੇ ਹਨ। ਪਰ ਅਸੀਂ ਸਭ ਜਾਣਦੇ ਹਾਂ ਕਿ ਪ੍ਰਭੂ ਦੇ ਹੁਕਮ ਅਨੁਸਾਰ, ਉਸ ਦੀ ਰਜ਼ਾ ਵਿਚ ਜੋ ਕੁਝ ਵਰਤਣਾ ਹੁੰਦਾ ਹੈ, ਉਹ ਜ਼ਰੂਰ ਹੋ ਕੇ ਰਹਿੰਦਾ ਹੈ, ਗੁਰ ਫੁਰਮਾਨ ਹੈ–

ਜੋ ਤੁਧੁ ਕਰਣਾ ਸੋ ਕਰਿ ਪਾਇਆ ॥ ਭਾਣੇ ਵਿਚਿ ਕੋ ਵਿਰਲਾ ਆਇਆ ॥

ਭਾਣਾ ਮੰਨੇ ਸੋ ਸੁਖੁ ਪਾਏ, ਭਾਣੇ ਵਿਚਿ ਸੁਖੁ ਪਾਇਦਾ ॥੧॥ [ਮਾਰੂ ਮ: ੩–੧੦੬੩

ਮਨੁਖ ਨੂੰ ਸੁਖ ਤੇ ਸ਼ਾਂਤੀ ਭਾਣਾ ਮਿਠਾ ਕਰਕੇ ਮੰਨਣ ਵਿਚ ਹੀ ਪ੍ਰਾਪਤ ਹੋਣੀ ਹੈ। ਸੋ ਗੁਰੂ-ਦਰ ਤੇ ਨਿਰਮਾਣ ਹੋ ਕੇ ਅਰਦਾਸ-ਜੋਦੜੀ ਕਰਦੇ ਰਹੀਏ–

''ਸਤਿਗੁਰੂ ! ਅਸਾਂ ਨਿਤਾਣਿਆਂ ਨੂੰ ਆਪ ਹੀ ਬਲ ਬਖ਼ਸ਼ੋ ਕਿ ਅਸੀਂ ਤੇਰੇ ਹੁਕਮ ਤੇ ਰਜ਼ਾ ਵਿਚ ਰਹਿ ਸਕੀਏ ਅਤੇ ਸੁਖ ਦੁਖ ਵਿਚ ਤੇਰਾ ਵਰਤਾਇਆ ਭਾਣਾ ਮਿੱਠਾ ਕਰ ਮੰਨਦੇ ਰਹੀਏ।''



www.AKJ.Org

# ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ

[ਸ: ਅਤਰ ਸਿੰਘ ਜੀ ਨੀਰ, 62-ਸੈਨਿਕ ਵਿਹਾਰ, ਦਿਲੀ 34]

ਗੁਰੂ ਅਰਜਨ ਪਰਉਪਕਾਰੀ, ਸਰਬ-ਸਾਂਝ ਦੀ ਲਾਈ ਕਿਆਰੀ।
ਕਰ ਫ਼ਕੀਰ ਰੱਬਾਣਾ ਅਗੇ, ਮੀਆਂ ਮੀਰ ਸਿਆਣਾ ਅਗੇ।
ਹਰਿਮੰਦਰ ਦਾ ਸਾਜ ਸਜਾਇਆ, ਮਾਨਵਤਾ ਤੇ ਕਰਮ ਕਮਾਇਆ।
ਧਰਤੀ ਤੇ ਬੈਕੁੰਠ ਲਿਆਏ, ਅੰਦਰ ਹਰਿ ਜੀ ਆਪੁ ਸੁਭਾਏ।
ਦੇਵੀ ਦੇਵਤੇ ਆਵਣ ਲਗੇ, ਸ਼ਬਦ ਸਰੂਪ ਨੂੰ ਪਾਵਣ ਲਗੇ।
ਪ੍ਰਮਾਰਥ ਦੀਆਂ ਜਗੀਆਂ ਜੋਤਾਂ, ਆਤਮ-ਦਰਸੀ ਦੀਆਂ ਸਰੋਤਾਂ।
ਵਰਸਣ ਲਗੀ ਅੰਮ੍ਰਿਤਧਾਰਾ, ਸੁਧਾ-ਸਰ ਦੇ ਦਰਸ ਅਪਾਰਾ।
ਮਧੁਰ ਮਧੁਰ ਬਾਣੀ ਦੀਆਂ ਰੋਆਂ, ਮਿੱਠੇ ਰੱਬ ਦੀਆਂ ਮਿੱਠੀਆਂ ਸੋਆਂ;
ਕੰਨਾਂ ਦੇ ਵਿਚ ਆਵਣ ਲਗੀਆਂ, ਨਾਮ ਠਰਾਰੇ ਪਾਵਣ ਲਗੀਆਂ।
ਰਿਸ਼ੀ ਮੁਨੀ ਤੇ ਜੋਗੀ ਭੋਗੀ, ਸਾਧੂ ਸਾਦਕ ਸੰਸਾਰੀ ਰੋਗੀ;
ਮਾਣਨ ਲਗੇ ਮੇਹਰ ਰੱਬਾਣੀ, ਖੀਵੇ ਹੋ ਹੋ ਬੋਲਣ ਬਾਣੀ।
ਹਰਿਮੰਦਰ ਹੈ ਹਰੀ ਟਿਕਾਣਾ, ਬਖ਼ਸ਼ਸ਼ ਦਾ ਭਰਪੂਰ ਖ਼ਜ਼ਾਨਾ;
ਬਿਬੇਕ-ਬੁਧੀ ਦਾ ਮੰਬਾ ਭਾਰੀ, ਸੁਖ ਸ਼ਾਂਤੀ ਦਾ ਚਸ਼ਮਾ ਜਾਰੀ।
ਨਾਮ ਸਿਮਰਨ ਦੀ ਖਾਣ ਅਮੁੱਲੀ, ਸਦਾ-ਅਨੰਦ ਦੀ ਤਾਕੀ ਖੁਲ੍ਹੀ।
ਸਭ ਦਾ ਅਪਣਾ, ਸਭ ਦਾ ਪਿਆਰਾ, ਜੀਵਨ-ਮੁਕਤੀ ਦਾ ਸਹਾਰਾ।
ਇਥੇ ਉਥੇ ਦੋਹੀਂ ਜਹਾਨੀਂ, ਨਹੀਂ ਕੋਈ ਸਾਨੀ, ਨਹੀਂ ਕੋਈ ਸਾਨੀ।
ਇਥੇ ਆ ਕੇ ਕੋਈ ਵੀ ਦੂਜਾ, ਸ੍ਰੀ ਅਕਾਲ ਦੀ ਕਰ ਲਏ ਪੂਜਾ।
ਖੁਲ੍ਹੇ ਇਸ ਦੇ ਬੂਹੇ ਚਾਰੇ, ਹਰ ਤਰਫ਼ੋਂ ਸੰਸਾਰੀ ਸਾਰੇ;
ਉਤਰ ਦਖਣ ਚੜ੍ਹਦਾ ਲਹਿੰਦਾ, ਜਿਸ ਨੂੰ ਜਿਹੜਾ ਵੀ ਰਾਹ ਪੈਂਦਾ;
ਬਿਨਾਂ ਝਿਜਕ ਤੇ ਰੋਕ-ਰੁਕਾ ਦੇ, ਹਰਿਮੰਦਰ ਦੇ ਅੰਦਰ ਜਾ ਕੇ;
ਅਕਾਲ ਪੁਰਖੁ ਦੀ ਮਿਹਰ ਰਬਾਣੀ, ਪਾ ਕੇ ਪਾਵੇ ਪਦ ਨਿਰਬਾਣੀ।
ਬਿਨਾਂ ਵਿਤਕਰੇ ਨਰ ਤੇ ਨਾਰੀ, ਮਾੜੇ ਬੋਬੇ ਸੁਘੜ ਵੀਚਾਰੀ;
ਹਿੰਦੂ ਮੁਸਲਮ ਬ੍ਰਾਹਮਣ ਖਤਰੀ, ਸ਼ੂਦਰ ਸ਼ੋਹਦਾ ਰਾਜਾ ਮੰਤਰੀ;
ਬੋਧੀ ਪਾਰਸੀ ਜੈਨ ਈਸਾਈ, ਸਾਥੀ, ਮਿਤਰ, ਦੁਸ਼ਮਣ ਭਾਈ;
ਦੁਖੀ, ਦਲਿਦਰੀ, ਕਾਲੇ, ਕੋਝੇ, ਸਿਮਰਨ ਸੁਹਜ ਦੇ ਭਰ ਭਰ ਬੋਝੇ;
ਉਸਤਤ ਨਿੰਦਾ ਛੋੜ ਕੇ ਸਾਰੀ, ਲੈ ਜਾਂਦੇ ਨੇ ਰੂਹ ਸ਼ਿੰਗਾਰੀ।
ਅੰਮ੍ਰਿਤ ਵਰਖਾ ਹਰ ਦੇ ਉਤੇ, ਹਰ ਵੇਲੇ ਹੋਵੇ ਹਰ ਰੁਤੇ।
ਮਾਣਨ ਦੇ ਲਈ ਆਤਮ-ਸ਼ਕਤੀ, ਹਰ ਧਰਮ ਦਾ ਹਰ ਵਿਯਕਤੀ;
ਵਿਚ ਸਰੋਵਰ ਤਾਰੀ ਲਾਵੇ, ਸਮਦਰਸੀ ਸਮਦ੍ਰਿਸ਼ਟੀ ਪਾਵੇ।
ਮੋਨੀ ਬਗਲੇ ਕਊਏ ਕਾਲੇ, ਕੁਸ਼ਟੀ ਕੋਹੜੀ ਦੇਹੀਆਂ ਗਾਲੇ;
ਪਿੰਗਲੇ ਹੁੰਦੇ ਨਵੇਂ ਨਰੋਏ, ਜੀਵਨ ਪਾਂਦੇ ਮੁਰਦਾ ਮੋਏ।
ਰਜਨੀਆਂ ਪਾਵਣ ਮਾਣ ਮੁਰਾਦਾਂ, ਤੋੜ-ਤਾੜ ਮਾਇਆ ਦੀਆਂ ਬਾਧਾਂ;
ਬਣ ਜਾਵਨ ਉਹ ਸੋਨ ਸੁਨਹਿਰੀ, ਗਾਵਣ 'ਨੀਰ' ਉਹ ਅਠੇ ਪਹਿਰੀ:
"ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥"



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਔਰੰਗਜ਼ੇਬ ਦੇ ਰਾਜ-ਕਾਲ ਵਿਚ ਪੰਜਾਬ ਦੇ ਸੂਬੇਦਾਰਾਂ ਦੀ ਫ਼ਹਿਰਿਸਤ 'ਮੁਆਸਰੇ ਆਲਮਗੀਰੀ' ਤੇ 'ਦਸਤੂਰੁਲ ਅਮਲ' ਵਿਚ ਇਸ ਪ੍ਰਕਾਰ ਦਿਤੀ ਹੋਈ ਹੈ :

| | | | |
|---|---|---|---|
| ਕੱਵਾਮੁਦੀਨ | (੧੬੭੮–੮੦ ਈ:) | ਮੁਹੰਮਦ ਆਜ਼ਮ | (੧੬੮੦–੯੧ ਈ:) |
| ਖ਼ਾਨ ਜਹਾਨ | (੧੬੯੧–੯੧ ,, ) | ਮੁਕਰਮ ਖ਼ਾਨ | (੧੬੯੧–੯੭ ,, ) |
| ਅਬੂਨਸਰ ਖ਼ਾਨ | (੧੬੯੭–੯੭ ,, ) | ਇਬ੍ਰਾਹੀਮ ਖ਼ਾਨ | (੧੬੯੭–੯੯ ,, ) |
| ਸ਼ਹਜ਼ਾਦਾ ਮੁਹੰਮਦ ਆਜ਼ਮ | (੧੬੯੯-੧੭੦੧ ਤੇ ੧੭੦੫-੦੭) | ਜ਼ਬਰਦਸਤ ਖ਼ਾਨ | (੧੭੦੧–੦੫ ਈ:) |

ਔਰੰਗਜ਼ੇਬ ਤੋਂ ਪਿਛੋਂ ਦੇ ਸੂਬੇਦਾਰ :

| | | | |
|---|---|---|---|
| ਅਬਦੱਸਮਦ ਖਾਨ | (੧੭੦੭–੧੭੨੬ ਈ:) | ਜ਼ਕਰੀਆ ਖਾਨ (ਖਾਨ ਬਹਾਦਰ) | (੧੭੨੬-੧੭੪੫) |
| ਯਾਹੀਆ ਖਾਨ | (੧੭੪੫–੧੭੪੭ ਈ:) | ਸ਼ਾਹਨਵਾਜ਼ ਖਾਨ | (੧੭੪੭–੪੮ ਈ:) |
| ਮੀਰ ਮੱਨੂੰ | (੧੭੪੮–੧੭੫੩ ਈ:) | | |

[ਡਾ: ਹਰੀ ਰਾਮ ਗੁਪਤਾ ਹਿਸਟ੍ਰੀ ਆਫ਼ ਦੀ ਸਿਖਸ, ਜਿਲਦ ਦੂਜੀ

ਦਸਮੇਸ਼ ਜੀ ਨੇ ਜਿਸ ਸਮੇਂ ਖਾਲਸਾ ਸਾਜਿਆ, ਉਸ ਵੇਲੇ ਲਾਹੌਰ ਦਾ ਸੂਬੇਦਾਰ ਇਬ੍ਰਾਹੀਮ ਖਾਨ ਤੇ ਸਰਹੰਦ ਦਾ ਵਜ਼ੀਰ ਖ਼ਾਨ ਸੀ। ਇਸ ਸਾਲ ਫਿਰ ਪੰਜਾਬ ਦਾ ਸੂਬੇਦਾਰ ਸ਼ਹਜ਼ਾਦਾ ਮੁਹੰਮਦ ਆਜ਼ਮ ਨੂੰ ਬਣਾਇਆ ਗਿਆ ਸੀ। ਲਾਹੌਰ, ਮੁਲਤਾਨ ਤੇ ਸਰਹੰਦ ਦੇ ਸੂਬੇਦਾਰਾਂ ਵਿਚ ਵਜ਼ੀਰ ਖ਼ਾਨ, ਅਬਦੱਸਮਦ ਖ਼ਾਨ, ਉਸਦਾ ਪੁਤਰ ਜ਼ਕਰੀਆ ਖ਼ਾਨ, ਉਸ ਦੇ ਪੁਤਰ ਯਾਹੀਆ ਖ਼ਾਨ ਤੇ ਸ਼ਾਹਨਵਾਜ਼, ਪਿਛੋਂ ਮੀਰ ਮੱਨੂੰ। ਪਿਛਲੇ ਪੰਜੇ ਲਾਹੌਰ ਦੇ ਕ੍ਰਮਵਾਰ ਹਾਕਿਮ ਰਹੇ ਹਨ। ਇਹ ਪੰਜੇ ਇਕ ਦੂਜੇ ਨਾਲੋਂ ਵਧ ਕੇ ਜਾਬਰ ਸਨ। ਸਿੱਖਾਂ ਨੂੰ ਮਲੀਆਮੇਟ ਕਰ ਦੇਣ ਵਾਸਤੇ ਇਹਨਾਂ ਇਕ ਦੂਜੇ ਤੋਂ ਵਧ ਕੇ ਟਿੱਲ ਲਾਇਆ ਤੇ ਜ਼ੁਲਮਾਂ ਦੀ ਹੱਦ ਹੀ ਮੁਕਾ ਦਿਤੀ।

ਸਾਡਾ ਕਵੀ ਬੁਲ੍ਹੇ ਸ਼ਾਹ, ਤੇ ਸਮੇਂ ਦਾ ਅਖੀਂ ਤਕਣ ਵਾਲਾ ਗਵਾਹ ਚੜ੍ਹਦੀ ਜੁਆਨੀ ਵਿਚ ਸੀ, ਜਦ ਕਲਗੀਧਰ ਨੇ ੧੬੯੯ ਈ: ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਖਾਲਸਾ ਸਾਜਿਆ। ਫਿਰ ਸਮਾਂ ਉਸ ਨੂੰ ਪੰਜਾਬ ਦੀ ਸਰਜ਼ਮੀਨ ਉਤੇ ਬੜੀਆਂ ਖੂਨ-ਵੀਟਵੀਆਂ ਲੜਾਈਆਂ ਵਿਖਾਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮਜ਼ਲੂਮਾਂ ਤੇ ਦੁਖੀਆਂ ਦੀ ਖ਼ਾਤਰ ਘਾਲਣਾ; ਉਨ੍ਹਾਂ ਦੇ ਚਹੁੰ ਪੁਤਰਾਂ ਦੀ ਲਾਸਾਨੀ ਸ਼ਹਾਦਤ; ਚਮਕੌਰ ਦੇ ਘੇਰੇ ਵਿਚੋਂ ਲਲਕਾਰ ਕੇ ਨਿਕਲ ਜਾਣਾ, ਮਾਛੀਵਾੜੇ ਦੀ ਕੰਡਿਆਲੀ ਧਰਤੀ ਨੰਗੇ ਪੈਰੀਂ ਗਾਹੁਣੀ; ਖਿਦਰਾਣੇ ਦੀ ਢਾਬ-ਕੰਢੇ ਦਾ ਯੁਧ; ਉਹਨਾਂ ਦੇ ਮਹਿਲ ਜਦ ਤਲਵੰਡੀ ਸਾਬੋ (ਦਮਦਮਾ ਸਾਹਿਬ) ਆਏ ਤੇ ਪੁਤਰਾਂ ਬਾਰੇ ਜਾਣ ਕੇ ਉਦਾਸ ਹੋਏ ਤਾਂ ਗੁਰੂ ਪਾਤਸ਼ਾਹ ਵਲੋਂ ਮਾਵਾਂ ਨੂੰ ਆਪਣੇ ਬੱਚਿਆਂ ਦੀ ਵਡਮੁਲੀ ਕੁਰਬਾਨੀ ਤੇ ਇਕ ਬੇਨਜ਼ੀਰ ਢੰਗ ਨਾਲ ਦਿਲਾਸਾ ਦੇਣਾ; ਬੈਰਾਗੀ ਮਾਧੋ ਦਾਸ ਦਾ ਗੁਰੂ ਜੀ ਨਾਲ ਮਿਲਾਪ ਤੇ ਉਸਦਾ ਅੰਮ੍ਰਿਤ ਛਕ ਕੇ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਦਖਣੋਂ ਪੰਜਾਬ ਵਲ ਆਉਣਾ; ਸਰਹੰਦ, ਸਮਾਣਾ, ਅਸਮਾਈਲਾਬਾਦ, ਮੁਸਤਫ਼ਾਬਾਦ, ਸਢੌਰਾ, ਕਪੂਰੀ ਆਦਿ ਦੀ ਤਬਾਹੀ ਵੇਖੀ। ਫਿਰ ਬਹਾਦਰ ਸ਼ਾਹ ਦਾ ਖ਼ਬਰਾਂ ਮਿਲਣ ਤੇ ਬੰਦਾ ਸਿੰਘ ਵਿਰੁਧ ਅਜਮੇਰੋਂ ਕੂਚ ਕਰਨਾ; ਬੜੇ ਵੱਡੇ ਲਸ਼ਕਰ ਨਾਲ ਲੋਹਗੜ੍ਹ (ਮੁਖ਼ਲਸਗੜ੍ਹ) ਦੀ ਲੜਾਈ ਹੋਣੀ; ਬਾਦਸ਼ਾਹ ਦੇ ਸਾਰੇ ਪੁਤਰ ਤੇ ਫੌਜਾਂ ਦੇ ਉਘੇ ਜਰਨੈਲ ਨਾਲ ਸਨ। ਫੌਜ ਜਿਸਦੀ ਗਿਣਤੀ ਲਖਾਂ ਵਿਚ ਸੀ, ਬੰਦਾ ਸਿੰਘ ਨੂੰ ਫੜ ਨਾ ਸਕੀ। ਕਰਨਾਲ ਤੋਂ ਲੈ ਕੇ ਲਾਹੌਰ ਦੀਆਂ ਕੰਧਾਂ ਤਕ ਮੁਗਲਾਂ ਦੇ ਰਾਜ ਦੀ ਸਫ਼ ਵਲ੍ਹੇਟੀ ਗਈ। ਬੰਦਾ ਸਿੰਘ ਨਿਕਲ ਗਿਆ ਸੀ। ਪਾਤਸ਼ਾਹ ਮਾਯੂਸ ਹੋ ਕੇ ਲਾਹੌਰ ਵਲ ਪਰਤਿਆ। ਇਥੇ ਆ ਕੇ ੧੦ ਦਸੰਬਰ ੧੭੧੦ ਈ:



www.AKJ.Org

ਸਿਖਾਂ ਨੂੰ ਦੀ ਕਤਲਾਮ ਦਾ ਹੁਕਮ ਜਾਰੀ ਕੀਤਾ। ਬਹਾਦਰ ਸ਼ਾਹ ਛੇਤੀ ਹੀ ਇਥੇ ਮਰ ਗਿਆ। ਉਸਦੇ ਪੁਤਰਾਂ ਵਿਚ ਗੱਦੀ ਲਈ ਤਲਵਾਰ ਖੜਕੀ। ਬੰਦਾ ਸਿੰਘ ਵੀ ਪਹਾੜਾਂ ਤੋਂ ਰਾਏਪੁਰ ਤੇ ਬਹਿਰਾਮਪੁਰ ਵਲ ਉਤਰ ਆਇਆ। ਫਿਰ ਦੂਸਰੀ ਵਾਰ ਪੰਜਾਬ ਦੇ ਬਹੁਤ ਸਾਰੇ ਹਿੱਸੇ ਉਤੇ ਉਸ ਨੇ ਸਿੰਘਾਂ ਦਾ ਰਾਜ ਸਥਾਪਤ ਕਰ ਦਿਤਾ। ਦੂਜੇ ਪਾਸੇ ਦਿੱਲੀ ਦੇ ਤਖ਼ਤ ਤੇ ਸਯਦ ਭਰਾਵਾਂ ਦੀ ਸਹਾਇਤਾ ਨਾਲ ਫ਼ਰਖ਼ਸੀਅਰ ਬੈਠਾ। ਦੂਸਰੀ ਵਾਰ ਦਿਲੀ, ਲਾਹੌਰੋਂ, ਕਸ਼ਮੀਰੋਂ, ਮੁਲਤਾਨੋਂ ਮੁਗ਼ਲ ਫ਼ੌਜਾਂ ਦਾ ਬੰਦਾ ਸਿੰਘ ਵਿਰੁੱਧ ਚੜ੍ਹਨਾ। ਲਾਹੌਰ ਲਾਗੋਂ ਲੜਾਈ ਛਿੜ ਕੇ ਗੁਰਦਾਸ ਨੰਗਲ ਦੇ ਘੇਰੇ ਤੇ ਆ ਮੁਕਣੀ। ਇਹ ਘੇਰਾ ੮ ਮਹੀਨੇ ੧੧ ਦਿਨ ਤਕ ਰਿਹਾ। ਆਖਰ ਰਸਦ ਪਾਣੀ ਖੁਣੋਂ ਤੇ ਅਬਦੁਸੱਮਦ ਖਾਨ ਦੇ ਝੂਠੇ ਵਾਹਦੇ ਕਰਕੇ ਬੰਦਾ ਸਿੰਘ ਤੇ ਉਸਦੇ ਸਾਥੀਆਂ ਦਾ ਫੜੇ ਜਾਣਾ, ਜਿਨ੍ਹਾਂ ਨੂੰ ਲਾਹੌਰ ਪਿਛੋਂ ਦਿਲੀ ਲਿਜਾ ਕੇ ਸ਼ਹੀਦ ਕੀਤਾ ਗਿਆ। ਸਿਖਾਂ ਦੀ ਰਾਜਸੀ ਸੱਤਾ ਟੁੱਟ ਗਈ, ਫਿਰ ਸਿਖਾਂ ਤੇ ਜਬਰ ਜ਼ੁਲਮ ਦੀ ਹਨੇਰੀ ਝੁਲਣ ਲੱਗੀ।

ਲਾਹੌਰ ਨਖਾਸ ਮੰਡੀ ਵਾਲੀ ਥਾਂ ਸਿਖਾਂ ਨੂੰ ਚਰਖੜੀਆਂ ਉਤੇ ਚੜ੍ਹਾਉਣਾ, ਪੁਠੀਆਂ ਖਲਾਂ ਤੇ ਖੋਪਰੀਆਂ ਉਤਾਰਨੀਆਂ, ਸਿਖ ਬੀਬੀਆਂ ਨੂੰ ਤਸੀਹੇ ਦੇਣੇ, ਦੁੱਧ ਚੁੰਘਦੇ ਮਾਸੂਮ ਬੱਚਿਆਂ ਨੂੰ ਮਾਵਾਂ ਦੀਆਂ ਗੋਦੀਆਂ ਵਿਚੋਂ ਧੂਹ ਕੇ ਹਵਾ ਵਿਚ ਉਛਾਲ ਕੇ ਹੇਠਾਂ ਡਿਗਦਿਆਂ ਨੂੰ ਨੇਜ਼ਿਆਂ ਤੇ ਟੰਗਣਾ, ਫਿਰ ਟੁਕੜੇ ਟੁਕੜੇ ਕਰਕੇ ਹਾਰ ਪ੍ਰੋ ਕੇ ਮਾਵਾਂ ਦੇ ਗਲੀਂ ਪਾਉਣਾ, ਗਸ਼ਤੀ ਫ਼ੌਜਾਂ ਨੇ ਫ਼ਸਲਾਂ ਤੇ ਝਲਾਂ ਬੇਲਿਆਂ ਵਿਚ ਸਿੱਖਾਂ ਦੇ ਸ਼ਿਕਾਰ ਲਈ ਸ਼ਿਕਾਰੀ ਕੁੱਤਿਆਂ ਵਾਂਗ ਮਗਰ ਪੈ, ਉਹਨਾਂ ਦਾ ਸ਼ਿਕਾਰ ਕਰਨਾ ਆਦਿ, ਇਹ ਸਭ ਖ਼ੂਨੀ ਤੇ ਰੂਹ ਕੰਬਾਊ ਨਜ਼ਾਰੇ ਸਮੇਂ ਦੇ ਦਰਪਨ ਨੇ ਸਭ ਲੋਕਾਂ ਤੇ ਸਾਈਂ ਬੁਲ੍ਹੇ ਸ਼ਾਹ ਦੀਆਂ ਅਖਾਂ ਅੱਗੇ ਪੇਸ਼ ਕੀਤੇ।

ਇਸੇ ਸਮੇਂ ਇਸ ਸਾਈਂ ਜੀ ਨੇ ਲਾਹੌਰ ਵਿਚ ਵੀਰ ਹਕੀਕਤ ਰਾਏ ਧਰਮੀ ਨੂੰ ਬੱਚਿਆਂ ਦੇ ਆਪਸੀ ਇਕ ਮਾਮੂਲੀ ਝਗੜੇ ਕਾਰਨ, ਕੱਠਮੁੱਲਿਆਂ ਹਥੋਂ ੧੭੩੫ ਵਿਚ ਬਾਗਬਾਨਪੁਰੇ ਲਾਗੇ (ਲਾਹੌਰ) ਪਹਿਲਾਂ ਸੰਗਸਾਰ ਹੁੰਦਾ ਤੇ ਫਿਰ ਕਤਲ ਹੁੰਦਾ ਵੇਖਿਆ।* ੧੭੩੯ ਈ: ਵਿਚ ਭਾਈ ਮਨੀ ਸਿੰਘ ਵਰਗੇ ਮਹਾਨ ਸੰਤ ਦੇ ਬੰਦ ਬੰਦ ਕੱਟੇ ਗਏ। ਝੂਠੇ ਭਗਤ ਨਿਰੰਜਨੀ ਦੀ ਚੁਗਲੀ ਤੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾਈ ਗਈ। ਅਗਲੇ ਸਾਲ ਭਾਈ ਸੁਬੇਗ ਸਿੰਘ ਜੰਬਰ ਤੇ ਉਸ ਦੇ ਪੁਤਰ ਸ਼ਾਹਬਾਜ ਸਿੰਘ ਨੂੰ ਚਰਖੜੀ ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ। ਲਖਪਤ ਰਾਏ ਦਾ ਭਰਾ ਜਸਪਤ ਰਾਏ ਹੰਕਾਰ-ਵਸ ਹੋ ਕੇ ਸਿੰਘਾਂ ਦਾ ਸ਼ਿਕਾਰ ਖੇਡਦਾ, ਸਿੰਘਾਂ ਹਥੋਂ ਮਾਰਿਆ ਗਿਆ। ਕ੍ਰੋਧ ਵਿਚ ਸੜਦੇ ਲਖਪਤ ਰਾਏ ਨੇ ਭਰਾ ਦੇ ਬਦਲੇ ਵਜੋਂ ਲਾਹੌਰ ਦੇ ਹਜ਼ਾਰਾਂ ਮਾਸੂਮ ਤੇ ਬੇਗੁਨਾਹ ਸਿਖ ਫੜ ਕੇ ਪਤਵੰਤਿਆਂ ਦੇ ਮਿੰਨਤਾਂ ਕਰਨ ਤੇ ਵੀ, ਸੋਮਾਵਤੀ ਮੱਸਿਆ ਵਾਲੇ ਦਿਨ ਨਖਾਸ ਚੌਕ ਵਿਖੇ ਕਤਲ ਕਰਵਾ ਦਿਤੇ ਅਤੇ ਗੱਲ ਇਥੋਂ ਤੱਕ ਅੱਗੇ ਵਧਾਈ ਕਿ ਸ੍ਰੀ ਗੁਰੂ ਨਾਨਕ ਦੇਵ ਦਾ ਪੰਥ ਹੀ ਇਸ ਧਰਤੀ ਤੋਂ ਮਿਟਾ ਦੇਣ ਦਾ ਬੀੜਾ ਚੁਕ ਲਿਆ। ਇਸੇ ਸੰਬੰਧ ਵਿਚ ੨ ਜੇਠ ੧੭੪੬ ਈ: ਨੂੰ ਪਹਿਲਾ ਘਲੂਘਾਰਾ ਵਾਪਰਿਆ, ਜਿਸ ਵਿਚ ਸਿਖ ਕੌਮ ਦੇ ੭ ਹਜ਼ਾਰ ਸੂਰਮੇ ਇਕ ਦਿਨ ਹੀ ਮਾਰੇ ਗਏ। ਅਨੇਕਾਂ ਫੜੇ ਗਏ, ਜੋ ਲਾਹੌਰ ਲਿਆ ਕੇ ਸ਼ਹੀਦਗੰਜ ਵਾਲੀ ਥਾਂ ਕਤਲ ਕੀਤੇ ਗਏ। ਜਦ ਮੀਰ ਮੱਨੂੰ ਦੀ ਸੂਬੇਦਾਰੀ ਆਈ, ਫਿਰ ਤਾਂ ਸਿੰਘਾਂ ਦੇ ਘਾਣ ਹੀ ਲੱਥ ਗਏ। ਮੱਨੂੰ ਬੜੀ ਬੇ-ਰਹਿਮੀ ਨਾਲ ਸਿੱਖਾਂ ਨੂੰ ਮਾਰ ਖਪਾਈ ਜਾਂਦਾ ਤੇ ਸਿਖ ਵੀ ਕੌੜੀ ਵੇਲ ਵਾਂਗ ਵਧਦੇ ਰਹੇ। ਮੱਨੂੰ ਨੇ ਪੂਰਾ ਤਾਣ ਲਾਇਆ ਕਿ ਸਿਖ ਮੁਕ ਜਾਣ, ਪਰ ਸਿੱਖਾਂ ਨਾ ਮੁਕਣਾ ਸੀ ਸੋ ਨਾ ਮੁਕੇ ਅਤੇ ਉਹ ਆਪ ਸਿਖਾਂ ਨੂੰ ਮੁਕਾਂਦਾ ਮੁਕ ਗਿਆ। ਉਸ ਵੇਲੇ ਇਹ ਸ਼ਬਦ ਹਰ ਇਕ ਦੀ ਜ਼ੁਬਾਨ ਤੇ ਸਨ :—

ਮੱਨੂੰ ਸਾਡੀ ਦਾਤਰੀ, ਅਸੀਂ ਮੱਨੂੰ ਦੇ ਸੋਏ। ਜਿਉਂ ਜਿਉਂ ਸਾਨੂੰ ਵਢਦਾ, ਅਸੀਂ ਦੂਣੇ ਚੋਣੇ ਹੋਏ।

---

* ਤੁਅੱਸਬ ਵਿਚ ਸੜੇ ਹੋਏ ਮੁਲਾਣਿਆਂ ਤੇ ਮੁਫ਼ਤੀਆਂ ਨੇ ਹਕੀਕਤ ਰਾਏ ਨੂੰ ਸੰਗਸਾਰ ਕਰਕੇ ਮਾਰਨ ਦਾ ਫ਼ਤਵਾ ਦਿਤਾ ਸੀ। ਮਿਥੇ ਦਿਨ ਤੇ ਉਸ ਨੂੰ ਜ਼ਮੀਨ ਵਿਚ ਗਡ ਕੇ ਉਸ ਦੇ ਹੱਥ ਪਿਛੇ ਬੰਨ੍ਹ ਦਿਤੇ ਗਏ। ਮੌਲਾਣੇ ਨੇ ਜਦ ਆਖ਼ਰੀ ਵਾਰੀ ਵੀ ਦੀਨ ਮੁਹੰਮਦੀ ਨਾ ਮੰਨਣ ਦਾ ਜਵਾਬ ਸੁਣਿਆ ਤਾਂ ਵਾਪਸ ਪਿਛੇ ਆ ਕੇ ਸੁਆਬ ਖਟਣ ਆਏ ਭੂਤਰੇ ਹੋਏ ਮੁਸਲਮਾਨ ਛੋਕਰਿਆਂ ਨੂੰ ਇਸ਼ਾਰਾ ਕੀਤਾ। ਇੱਟ ਪੱਥਰ ਵਰ੍ਹਨ ਲਗਾ। ਉਸ ਬੇਗੁਨਾਹ ਦੀ ਮੰਦੀ ਹਾਲਤ ਤੱਕ ਕੇ ਪਹਿਰੇ ਤੇ ਇਕ ਸਿਪਾਹੀ ਨੇ ਤਰਸ ਖਾ ਕੇ ਉਸ ਦਾ ਸਿਰ ਤਲਵਾਰ ਨਾਲ ਵੱਢ ਕੇ ਉਸ ਨੂੰ ਛੁਟਕਾਰਾ ਦਿਵਾਇਆ।



www.AKJ.Org

ਸਿੱਖਾਂ ਉਤੇ ਮੱਨੂੰ ਦੇ ਜਬਰ ਦਾ ਵਰਨਣ ਕਰਦਿਆਂ ਕਨ੍ਹਈਆ ਲਾਲ ਨੇ ਆਪਣੀ ਪੁਸਤਕ ਤਾਰੀਖ-ਏ-ਪੰਜਾਬ ਵਿਚ ਲਿਖਿਆਹੈ—"...ਮੀਰ ਮੱਨੂੰ ਨੇ ਪਹਾੜੀ ਰਾਜਿਆਂ ਦੇ ਨਾਮ ਹੁਕਮ ਜਾਰੀ ਕੀਤੇ ਕਿ ਆਪਣੇ ਆਪਣੇ ਇਲਾਕੇ ਵਿਚੋਂ ਸਿੱਖਾਂ ਨੂੰ ਫੜ ਕੇ ਉਸ ਕੋਲ ਭੇਜ ਦੇਣ। ਸੈਂਕੜੇ ਸਿਖ ਰੋਜ਼ ਫੜੇ ਜਾਂਦੇ ਤੇ ਲਾਹੌਰ ਭੇਜ ਦਿਤੇ ਜਾਂਦੇ, ਜਿਥੇ ਨਖਾਸ ਵਾਲੇ ਥਾਂ (ਸ਼ਹੀਦ ਗੰਜ ਵਾਲੀ ਜਗ੍ਹਾ) ਉਹਨਾਂ ਨੂੰ ਕਤਲ ਕਰ ਦਿਤਾ ਜਾਂਦਾ।

ਬਾਦਸ਼ਾਹ ਨੇ ਨਵਾਬ ਜ਼ਕਰੀਆ ਖਾਨ ਨੂੰ ਲਾਹੌਰ ਦੇ ਨਾਜ਼ਮ ਦੀ ਪਦਵੀ ਦੇ ਕੇ ਪੰਜਾਬ ਵਲ ਭੇਜਿਆ। ਉਸ ਨੇ ਦੀਵਾਨ ਲਖਪਤ ਰਾਏ ਨੂੰ ਲਾਹੌਰ ਦਾ ਪ੍ਰਬੰਧਕ ਬਣਾ ਦਿਤਾ ਅਤੇ ਸਿਖਾਂ ਨੂੰ ਕਾਬੂ ਕਰਨ ਲਈ ਇਕ ਗਸ਼ਤੀ ਫੌਜ ਸਥਾਪਤ ਕੀਤੀ, ਜਿਸ ਨੂੰ ਹੁਕਮ ਦਿਤਾ ਕਿ ਉਹ ਸਿਖਾਂ ਦਾ ਪਤਾ ਲਾਵੇ ਤੇ ਉਹਨਾਂ ਨੂੰ ਫੜ ਕੇ ਲਾਹੌਰ ਭੇਜ ਦਿਆ ਕਰੇ।"*

ਗਸ਼ਤੀ ਫੌਜਾਂ ਨੇ ਬਹੁਤ ਹੀ ਵਧੀਕੀਆਂ ਕੀਤੀਆਂ। ਮੁਖਬਰ ਤੇ ਚੁਗਲ ਆਪਣੀ ਕਾਰਗੁਜ਼ਾਰੀ ਵਿਖਾਉਣ ਲਈ ਬੇਦੋਸ਼ਿਆਂ ਨੂੰ ਫੜਵਾ ਦੇਂਦੇ, ਕਿਉਂ ਜੁ ਰਾਠ ਸਿੰਘ ਤਾਂ ਉਹਨਾਂ ਦੇ ਕਾਬੂ ਨਾ ਆਉਂਦੇ। ਗਸ਼ਤੀ ਫੌਜ ਵੀ ਰਾਠ ਸਿੰਘਾਂ ਤੋਂ ਬਚ ਕੇ ਹੀ ਚਲਦੀ। ਆਪਣੀ ਹੋਂਦ ਕਾਇਮ ਰਖਣ ਲਈ ਮਗਰ ਤਾਂ ਜ਼ਰੂਰ ਪੈਂਦੀ, ਪਰ ਬਚ ਬਚ ਕੇ। ਹਾਂ, ਖਾੜਕੂ ਸਿੰਘਾਂ ਦਾ ਗੁਸਾ ਸਾਧਾਰਨ ਸਿਖ ਘਰਾਣਿਆਂ ਤੇ ਕਢਦੀ, ਜੋ ਅਮਨ ਚੈਨ ਨਾਲ ਵਾਹੀ ਜੋਤੀ ਕਰਦੇ ਸਨ। ਸਿਖ ਹੋਣਾ ਹੀ ਉਹਨਾਂ ਦਾ ਬੜਾ ਵੱਡਾ ਦੋਸ਼ ਸੀ। ਤੇ ਜੇ ਉਤੋਂ ਮੁਖਬਰ ਲੂਤੀ ਫੂਕ ਦੇਣ ਕਿ ਇਹ ਰਾਠਾਂ ਨੂੰ ਪਨਾਹ ਦੇਂਦੇ ਹਨ ਜਾਂ ਉਹਨਾਂ ਨਾਲ ਇਹ ਕਿਸੇ ਵੀ ਕਿਸਮ ਦੀ ਸਾਂਝ ਰਖਦੇ ਹਨ, ਬਸ ਫਿਰ ਉਹਨਾਂ ਨੂੰ ਬਾਲ ਬਚੇ ਸਮੇਤ ਨਰੜ ਕੇ ਲਾਹੌਰ ਲਿਜਾ, ਨਖਾਸ ਵਾਲੀ ਥਾਂ ਭੇਡ ਬਕਰੀ ਵਾਂਗ ਕੋਹ ਸੁਟਿਆ ਜਾਂਦਾ। ਮੁਛ-ਫੁਟ ਗਭਰੂ ਇਸ ਜਬਰ ਵਿਰੁਧ ਘਰ ਘਾਟ ਛੱਡ ਅੰਮ੍ਰਿਤ ਛਕ ਕੇ ਰਾਠ ਸਿੰਘਾਂ ਦੇ ਜਥਿਆਂ ਵਿਚ ਰਲ ਜਾਂਦੇ ਤੇ ਮੁਗਲ ਸਰਕਾਰ ਦੇ ਜਬਰ ਵਿਰੁਧ ਛਾਤੀਆਂ ਤਾਣ ਕੇ ਡਟ ਜਾਂਦੇ ਤੇ ਜੂਝ ਮਰਦੇ।

ਇਸ ਵੇਲੇ ਰਾਠ ਸਿੰਘਾਂ ਦੇ ਕਈ ਜਥੇ ਬਣੇ ਹੋਏ ਸਨ, ਜੋ ਮੁਗਲ ਸਰਕਾਰ ਨੂੰ ਹਿੱਕ ਦੇ ਫੋੜੇ ਵਾਂਗ ਤੜਫਾਉਂਦੇ ਸਨ। ਇਹ ਘਰ ਘਾਟ ਛੱਡੀ ਫਿਰਦੇ ਲੋਕ, ਬਿਪਤਾ ਦੇ ਮੂੰਹ ਆਏ ਹੋਏ ਬੜਾ ਹੀ ਔਖਾ ਸਮਾਂ ਕੱਟ ਰਹੇ ਸਨ। ਜੰਗਲ ਬੇਲੇ ਤੇ ਪਹਾੜਾਂ ਦੀਆਂ ਖਡਾਂ ਇਹਨਾਂ ਦਾ ਆਸਰਾ ਸਨ। ਨਾ ਪਾਸ ਹਥਿਆਰ ਪੂਰੇ, ਨਾ ਘੋੜੇ; ਨਾ ਟਿਕਾਣਾ, ਨਾ ਕੋਈ ਢੁਕਵਾਂ ਖਾਣ ਪੀਣ ਦਾ ਪ੍ਰਬੰਧ, ਨਾ ਜ਼ਖਮਾਂ ਲਈ ਮਲ੍ਹਮ ਪੱਟੀ ਤੇ ਬੀਮਾਰੀ ਵੇਲੇ ਦਵਾ ਦਾਰੂ ਦੀ ਹੀ ਸੁਵਿਧਾ। ਹਰ ਵੇਲੇ ਸਿਰ ਤੇ ਮੌਤ ਮੰਡਲਾਉਂਦੀ ਰਹਿੰਦੀ। ਪਰ ਕੀ ਮਜਾਲ ਕਿ ਕੋਈ ਕਸ਼ਟਾਂ ਤੋਂ ਆਤਰ ਹੋ ਕੇ ਸਰਕਾਰ ਅੱਗੇ ਹਥਿਆਰ ਸੁੱਟ, ਗੀਦੀ ਬਣ, ਭਰਾਵਾਂ ਨੂੰ ਛਡ ਗਿਆ ਹੋਵੇ! ਜਿਉਂ ਜਿਉਂ ਮੁਗਲ ਸਰਕਾਰ ਦਾ ਜਬਰ ਵਧਦਾ ਜਾ ਰਿਹਾ ਸੀ, ਸਿੰਘਾਂ ਦੇ ਸੰਘਰਸ਼ ਵਿਚ ਉਭਾਰ ਆ ਰਿਹਾ ਸੀ। ਰਾਠ ਸਿੰਘਾਂ ਦੇ ਹੁਣ ਤਕ ਕਈ ਸਵਤੰਤਰ ਜਥੇ ਬਣ ਚੁਕੇ ਸਨ। ਇਹ ਸਾਰੇ ਦ੍ਰਿਸ਼ ਬੁਲ੍ਹੇ ਸ਼ਾਹ ਦੀ ਅਖੋਂ ਉਹਲੇ ਕਿਵੇਂ ਰਹਿ ਸਕਦੇ ਸਨ।

ਸਾਰਿਆਂ ਜਥਿਆਂ ਦਾ ਇਕ ਹੀ ਉਦੇਸ਼ ਸੀ—ਮੁਗਲਾਂ ਦਾ ਜ਼ੁਲਮੀ ਰਾਜ ਸਮਾਪਤ ਕਰ ਕੇ ਖਾਲਸਾ ਜੀ ਦਾ ਹਲੇਮੀ ਰਾਜ ਸਥਾਪਤ ਕਰਨਾ। ਆਪਣੀ ਆਪਣੀ ਥਾਂ ਸਾਰੇ ਹੀ ਜਥੇ ਸਰਕਾਰ ਨਾਲ ਟੱਕਰ ਲੈ ਰਹੇ ਸਨ। ਇਕ ਸਾਂਝੀ ਕੇਂਦਰੀ ਜਥੇਦਾਰੀ ਦੇ ਅਧੀਨ ਨਾ ਹੋਣ ਕਰਕੇ ਸਿੰਘ ਹਕੂਮਤ ਦੀ ਤਾਕਤ ਨੂੰ ਉਹ ਸੱਟ ਨਹੀਂ ਸਨ ਮਾਰ ਰਹੇ, ਜਿਹੜੀ ਮਿਥੇ ਨਿਸ਼ਾਨੇ ਅਨੁਸਾਰ ਇਕ ਕਮਾਨ ਥਲੇ ਮਾਰੀ ਜਾ ਸਕਦੀ ਸੀ। ਸਰਕਾਰ ਦੇ ਨਾਲ ਸਿੰਘਾਂ ਦਾ ਵੀ ਨੁਕਸਾਨ ਹੋ ਰਿਹਾ ਸੀ। ਇਸ ਦਾ ਇਕ ਹੀ ਇਲਾਜ ਸੀ ਕਿ ਖਿਲਰੀ ਤੇ ਵੰਡੀ ਹੋਈ ਤਾਕਤ ਨੂੰ ਇਕ ਜਥੇਦਾਰ ਦੀ ਕਮਾਨ ਥਲੇ ਲਿਆਂਦਾ ਜਾਵੇ। ਇਸ ਦੀ ਲੋੜ ਨੂੰ ਸਾਰਿਆਂ ਹੀ ਅਨੁਭਵ ਕੀਤਾ ਤੇ ਸਹਿਮਤੀ ਪ੍ਰਗਟਾਈ। ੧੭੪੮ ਈ: ਵਿਚ ਦੀਵਾਲੀ ਸਮੇਂ ਸਾਰੇ ਮੁਖੀ ਅਕਾਲ ਬੁੰਗੇ ਮੂਹਰੇ ਸ੍ਰੀ ਅੰਮ੍ਰਿਤਸਰ ਇਕੱਤਰ ਹੋਏ ਤੇ ਸਰਬੱਤ ਖਾਲਸੇ ਨੇ ਗੁਰਮਤਾ ਕੀਤਾ ਕਿ ਸਾਰੇ ਸਵਤੰਤਰ ਜਥ ਇਕ 'ਦਲ ਖਾਲਸਾ' ਵਿਚ ਮਿਲਾ ਦਿਤੇ ਜਾਣ ਤੇ ਇੰਜ ਹੀ ਹੋਇਆ।

ਨਵਾਬ ਕਪੂਰ ਸਿੰਘ ਪੰਥ ਦੇ ਪ੍ਰਵਾਨਤ ਜਥੇਦਾਰ ਸਨ ਤੇ ਸਾਰਾ ਪੰਥ ਉਹਨਾਂ ਨੂੰ ਬੜੇ ਪਿਆਰ ਤੇ ਸਤਿਕਾਰ

* ਕਨ੍ਹਈਆ ਲਾਲ, ਤਾਰੀਖ-ਏ-ਪੰਜਾਬ (ਅਨੁ:) ੧੯੬੮, ਪੰਨਾ ੬੭



www.AKJ.Org

ਦੀ ਨਿਗਾਹ ਨਾਲ ਵੇਖਦਾ ਸੀ। ਬਿਰਧ ਹੋ ਚੁਕੇ ਸਨ। ਇਹ ਜਥੇਦਾਰੀ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪੀ ਗਈ ਤੇ ਉਸ ਨੂੰ ਸਿੱਖਾਂ ਦਾ ਪਾਤਸ਼ਾਹ ਮੰਨਿਆ ਗਿਆ। ਉਸ ਨੂੰ ਸਾਰੇ ਦਲ ਖਾਲਸਾ ਦਾ ਪ੍ਰਮੁਖ ਜਥੇਦਾਰ ਨਿਯੁਕਤ ਕੀਤਾ ਗਿਆ। ਦਲ ਖਾਲਸਾ ਦੀਆਂ ਗਿਆਰਾਂ ਮਿਸਲਾਂ ਸਨ।*

ਸਮੇਂ ਨੇ ਆਪਣੀ ਤੋਰ ਤੁਰਦੇ ਹੋਏ ਸਿੱਖਾਂ ਦੀ ਦਿਨ ਬ-ਦਿਨ ਵਧ ਰਹੀ ਰਾਜਸੀ ਸ਼ਕਤੀ ਵੀ ਤੱਕੀ। ਪਾਸਾ ਪਰਤ ਰਿਹਾ ਸੀ। ਹੁਣ ਮੁਗਲ, ਸ਼ਿਕਾਰੀਆਂ ਦੀ ਥਾਂ ਸ਼ਿਕਾਰ ਹੋਣ ਵਾਲੀ ਥਾਂ ਤੇ ਆ ਰਹੇ ਸਨ। ਹੁਣ ਮੁਗਲ ਅਗੇ ਤੇ ਸਿੰਘ ਪਿਛੇ ਸਨ। ਮੁਗਲ ਰਾਜ ਦਾ ਸ਼ਕਤੀ-ਸ਼ਾਲੀ ਮਹਿਲ ਕੰਬ ਤੇ ਡਗਮਗਾ ਰਿਹਾ ਸੀ। ਫਿਰ ਇਹ ਪਾਟਦਾ ਤੇ ਇਸਦੀ ਇੱਟ ਇੱਟ ਹੁੰਦੀ ਵੇਖੀ ਗਈ। ਸਮੇਂ ਨੇ ਭੂਰਿਆਂ ਵਾਲਿਆਂ ਸਿਖਾਂ† ਦਾ ਦਲ ਪੰਜਾਬ ਦੀ ਧਰਤੀ ਤੋਂ ਉਠਦਾ ਤੇ ਮੁਗਲਾਂ ਨੂੰ ਮੈਦਾਨ ਵਿਚ ਦਮੋਂ ਕਢਦਾ ਵੇਖਿਆ। ਮੁਗਲਾਂ ਦਾ ਰਾਜ ਟੁਟਦਾ ਤੇ ਭੂਰਿਆਂ ਵਾਲਿਆਂ ਦਾ ਰਾਜਾ ਬਣਦਾ ਵੇਖਿਆ। "ਭੂਰਿਆਂ ਵਾਲੇ ਰਾਜੇ ਕੀਤੇ। ਮੁਗਲਾ ਜ਼ਹਿਰ ਪਿਆਲੇ ਪੀਤੇ।"

ਸਮੇਂ ਨੇ ਹੋਰ ਵੀ ਭਿਆਨਕ ਦ੍ਰਿਸ਼ ਪੇਸ਼ ਕੀਤੇ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਅਗੜ ਪਿਛੜ ਹਮਲੇ ਹੋਏ। ਇਹਨਾਂ ਹਮਲਿਆਂ ਦੀ ਵਜਹ ਨਾਲ ਜੋ ਪੰਜਾਬ ਤੇ ਹਿੰਦੁਸਤਾਨ ਦੀ ਬਰਬਾਦੀ ਹੋਈ ਤੇ ਖੂਨ ਦੀਆਂ ਨਦੀਆਂ ਵਗੀਆਂ, ਇੱਜ਼ਤਾਂ ਰੁਲਦੀਆਂ ਬੁੱਲ੍ਹੇ ਸ਼ਾਹ ਵੇਖ ਕੁਰਲਾਇਆ, ਉਹ ਇਹਨਾਂ ਮੰਦੀਆਂ ਹਾਲਤਾਂ ਬਾਰੇ ਵੀ ਇਸ਼ਾਰੇ ਕਰਦਾ ਹੈ, ਜੋ ਇਸ ਮੰਦੀ ਦੁਰਦਸ਼ਾ ਨੂੰ ਇਨ ਬਿਨ ਸਾਡੇ ਸਾਹਮਣੇ ਲੈ ਆਉਂਦੇ ਹਨ। ਕਨ੍ਹਈਆ ਲਾਲ ਤਾਰੀਖ਼-ਏ-ਪੰਜਾਬ ਦੇ ਪੰਨਾ ੯੦-੯੧ ਉਤੇ ਲਿਖਦਾ ਹੈ ਕਿ ਨਾਦਰਸ਼ਾਹ ਦੀ ਫੌਜ ਨੇ ਪਿਸ਼ਾਵਰ ਤੋਂ ਲੈ ਕੇ ਰਾਵੀ ਤਕ ਦਾ ਸਾਰਾ ਪੰਜਾਬ ਲੁਟ ਲਿਆ ਤੇ ਪਿੰਡਾਂ ਦੇ ਪਿੰਡ ਉਜਾੜ ਦਿਤੇ। ਪੰਜਾਬ ਉਤੇ ਇਹ ਹਸ਼ਰ ਅਜ਼ਾਬ ਦਾ ਸਮ ਸੀ। ਚਾਰ-ਚੁਫੇਰੇ ਤਲਵਾਰ, ਅੱਗ ਤੇ ਮੌਤ ਦਾ ਤੂਫਾਨ ਕਹਿਰੀਂ ਵਗ ਰਿਹਾ ਸੀ। ਸਾਈਂ ਬੁਲ੍ਹਾ ਤੜਫ ਉਠਿਆ :–

ਦਰ ਖੁਲ੍ਹਾ ਹਸ਼ਰ ਅਜ਼ਾਬ ਦਾ, ਬੁਰਾ ਹਾਲ ਹੋਇਆ ਪੰਜਾਬ ਦਾ।

ਦੁਰਾਨੀ ਫੌਜਾਂ ਦਾ ਜਬਰ ਜ਼ੁਲਮ ਤੇ ਧਕੇਸ਼ਾਹੀ, ਭੁਖਿਆਂ ਬਘਿਆੜਾਂ ਵਰਗੀ ਬਿਰਤੀ, ਫੌਜ ਦੇ ਅਫਸਰਾਂ ਤੇ ਸੈਨਿਕਾਂ ਦਾ ਚਿਤਰ ਸਾਈਂ ਸੋਹਣਾ ਖਿਚਦਾ ਹੈ। ਜੋ ਕੁਝ ਹੋ ਰਿਹਾ ਸੀ, ਬੁਲ੍ਹੇ ਦੀ ਨਿਗਾਹ ਵਿਚ ਰੱਬ ਨੂੰ ਕਦ ਮਨਜ਼ੂਰ ਹੋ ਸਕਦਾ ਸੀ। ਉਸ ਦਾ ਯਕੀਨ ਸੀ ਕਿ ਇਹ ਜ਼ਾਲਮ ਹਾਕਿਮ ਤੇ ਉਸਦਾ ਹੁਕਮ ਬਹੁਤਾ ਚਿਰ ਨਹੀਂ ਰਹੇਗਾ :–

ਹਜਾਬ ਕਰੇਂ ਦਰਵੇਸ਼ੀ ਕੋਲੋਂ, ਕਬ ਲੱਗ ਹੁਕਮ ਚਲਾਵੇਂਗਾ।
ਖਾਵੇਂ ਮਾਸ, ਚਬਾਵੇਂ ਬੀੜੇ, ਅੰਗ ਪੁਸ਼ਾਕ ਲਗਾਈ ਏ।
ਟੇਢੀ ਪਗੜੀ ਆਕੜ ਚਲੇਂ, ਜੁੱਤੀ ਪੈਰੀਂ ਅੜਾਈ ਏ।
ਇਕ ਦਿਨ ਅਜ਼ਲ ਦਾ ਬਕਰਾ ਹੋ ਕੇ, ਅਪਣਾ ਆਪ ਕੁਹਾਵੇਂਗਾ।

ਮੀਰ ਮੱਨੂੰ ਨੇ ਸਿੱਖਾਂ ਉਤੇ ਸਿਰੋਂ ਪਰੇ ਜ਼ੁਲਮ ਢਾਏ। ਉਸ ਦਾ ਜਬਰ ਸਿੰਘਾਂ ਸਿੰਘਣੀਆਂ ਦਾ ਸਬਰ ਤੇ ਧੀਰਜ ਨਾ ਡੁਲਾ ਸਕਿਆ। ਫਿਰ ਉਸ ਨੂੰ ਕੁਮੌਤ ਮਰਦੇ ਨੂੰ ਵੀ ਸਾਈਂ ਜੀ ਨੇ ਵੇਖਿਆ ਹੋਵੇਗਾ ਤਾਂ ਹੀ ਤਾਂ ਗੰਢ (੨੨ਵੀਂ ਗੰਢ) ਵਿਚ ਵਿਸ਼ੇਸ਼ ਇਸ਼ਾਰਾ ਕਰਦਾ ਹੈ :–

ਬਾਈ ਖੋਲ੍ਹੂੰ ਪਹੁੰਚ ਕੇ ਸਭ ਮੀਰਾਂ ਮਲਕਾਂ, ਉਨ੍ਹਾਂ ਡੇਰਾ ਕੂਚ ਹੈ ਮੈਂ ਖੋਲ੍ਹਾਂ ਪਲਕਾਂ।
ਅਪਣਾ ਰਹਿਣਾ ਦੀ ਕਰਾਂ ਕਿਹੜੇ ਬਾਗ ਦੀ ਮੂਲੀ, ਖ਼ਾਲੀ ਜੱਗ ਵਿਚ ਆਇ ਕੇ ਸੁਫਨੇ ਪਰ ਭੂਲੀ। [ਚਲਦਾ

* ਸ: ਖੁਸ਼ਵੰਤ ਸਿੰਘ–ਦੀ ਸਿਖਸ, ੧੯੬੩, ਪੰਨਾ ੧੩੨.

† ਭੂਰਿਆਂ ਵਾਲੇ ਤੋਂ ਭਾਵ ਉਸ ਸਮੇਂ ਰਾਠ ਸਿੰਘ ਹਨ, ਜੋ ਆਪਣੀ ਅਣਖ ਤੇ ਸਵੈਮਾਨ ਨੂੰ ਕਾਇਮ ਰਖਦੇ ਹੋਏ ਮੁਗਲ ਸਾਮਰਾਜ ਨਾਲ ਜੂਝ ਰਹੇ ਸਨ। ਇਹਨਾਂ ਘਰ ਘਾਟ ਤਾਂ ਤਿਆਗੇ ਹੋਏ ਸਨ। ਪਾਸ ਸਿਰਫ਼ ਹਥਿਆਰ, ਘੋੜਾ ਤੇ ਦੋ ਭੂਰੇ, (ਇਕ ਘੋੜੇ ਲਈ ਤੇ ਇਕ ਆਪਣੇ ਲਈ) ਹੀ ਹੁੰਦੇ ਸਨ। ਕੋਈ ਹੋਰ ਜਾਇਦਾਦ ਨਹੀਂ ਸੀ। ਘਰ ਬਾਰ ਇਹਨਾਂ ਦਾ ਘੋੜਿਆਂ ਦੀਆਂ ਕਾਠੀਆਂ ਹੀ ਹੁੰਦੀਆਂ ਸਨ। ਸਾਈਂ ਬੁਲ੍ਹੇ ਸ਼ਾਹ ਇਸ਼ਾਰਾ ਕਰਦਾ ਹੈ ਕਿ ਇਸ ਅਤੀ ਮੰਦੀ ਹਾਲਤ ਵਿਚ ਹੁੰਦੇ ਹੋਏ, ਜਦ ਕਿ ਉਹ ਹਰ ਪਾਸਿਓਂ ਥੁੜ ਤੇ ਮੌਤ ਨਾਲ ਘਿਰੇ ਹੋਏ ਹੁੰਦੇ ਸਨ, ਮੁਗ਼ਲਾਂ ਨੂੰ, ਜਿਹਨਾਂ ਪਾਸ ਹਰ ਪ੍ਰਕਾਰ ਦੀਆਂ ਸਾਰੀਆਂ ਸਹੂਲਤਾਂ ਸਨ, ਮੈਦਾਨਾਂ ਵਿਚ ਘਰਕਾਈ ਫਿਰਦੇ ਸਨ। ਮੁਗਲਾਂ ਤਾਣ ਲਾ ਕੇ ਮਾਰ ਮਾਰੀ, ਸਿੰਘਾਂ ਹਸ ਹਸ ਝਲ ਲਈ। ਪਰ ਜਦ ਸਿੰਘਾਂ ਖੌਂਸੜਾ ਵਰ੍ਹਾਉਣਾ ਸ਼ੁਰੂ ਕੀਤਾ, ਮੁਗਲ ਝੱਲ ਨਾ ਸਕੇ, ਕੁਰਲਾ ਉਠੇ ਤੇ ਰਾਜ ਵੀ ਸਿੰਘਾਂ ਹੱਥ ਗੁਆ ਲਿਆ। 

www.AKJ.Org

**ਰਿਸ਼ਤੇ ਨਾਤੇ**—ਨੋਟ—੧. ਚਿਠੀ ਲਫ਼ਾਫ਼ੇ ਤੇ ਪਤਾ ਲਿਖੋ : ਫ਼ਾਰਮ ਨੰ:——C/o ਸੂਰਾ, 390-ਦਸਮੇਸ਼ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ । ੨. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਚਿਠੀ ਪੱਤਰ ਕਰੋ । ੩. ਰਿਸ਼ਤੇ ਨਾਤੇ ਦੇ ਫ਼ਾਰਮ 'ਸੂਰਾ' ਮਾਸਕ ਪੱਤਰ ਤੋਂ ਟਿਕਟਾਂ-ਲਗਾ ਲਫ਼ਾਫ਼ਾ ਭੇਜ ਕੇ ਮੁਫਤ ਮੰਗਾਓ ।

ਫ਼ਾਰਮ ਨੰ: ੩੬੩—੩੨ਸਾਲਾ ਅਠਵੀਂ ਪੜ੍ਹਿਆ ਸਿੰਘ,ਕੱਦ ੫'-੬'',ਕਾਰ ਵਿਹਾਰ ਕਾਰ-ਸੇਵਾ,ਲਈ ਯੋਗ ਬੀਬੀ ਦੀ ਲੋੜ ਹੈ ।

ਫ਼ਾਰਮ ਨੰ: ੩੬੪—੨੮ ਸਾਲਾ ਬੀਬੀ,ਐਮ.ਫ਼ਿਲ ਧਾਰਮਿਕ, ਕੱਦ ੫',ਲਈ ਜ਼ਿਮੀਦਾਰ ਪ੍ਰਵਾਰ ਚੋਂ ਗੁਰਸਿਖ ਵਰ ਦੀ ਲੋੜ ਹੈ ।

ਫ਼ਾਰਮ ਨੰ: ੩੬੫—੨੮ ਸਾਲਾ ਅਨਪੜ੍ਹ ਸਿੰਘ, ਕੱਦ ੫'-੬'', ਆਰਾ ਮਸ਼ੀਨ ਦਾ ਕੰਮ-ਦਸਤਕਾਰੀ, ਲਈ ਇਕ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: ੩੬੬—੨੮ ਸਾਲਾ ਬੀਬੀ, ਕੱਦ ੫'-੨'', ਵਿਦਿਆ ੨ ਸਾਲ ਯੂ. ਐਸ. ਏ. ਦੇ ਕਾਲਜ ਵਿਚ, ਲਈ ਗੁਰਸਿਖ ਇੰਜੀਨੀਅਰ ਵਰ ਦੀ ਲੋੜ ਹੈ । ਲੜਕੇ ਨੂੰ ਅਮਰੀਕਾ ਰਹਿਣਾ ਪਏਗਾ ।

ਫ਼ਾਰਮ ਨੰ: ੩੬੭—੨੨ ਸਾਲਾ ਬੀ.ਏ. ਪਾਸ ਸਿੰਘ, ਕੱਦ ੫'-੧੦'', ਨੇਵੀ ਵਿਚ ਨੌਕਰੀ, ਲਈ ਬੀ. ਏ., ਬੀ. ਐਡ, ਨਿਤਨੇਮੀ, ਕੀਰਤਨੀ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: ੩੬੮—੪੭ ਸਾਲਾ ਤਲਾਕ ਸ਼ੁਦਾ ਸਿੰਘ, ਬੀ. ਐਸ. ਈ, ਕੱਦ ੫'-੪'', ਮਾਸਕ ਆਮਦਨ ੮੦੦ ਪੌਂਡ । ਇੰਗਲੈਂਡ ਵਾਸੀ ਲਈ ਯੋਗ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: ੩੬੯—੨੩ ਸਾਲਾ ਬੀਬੀ, ਕੱਦ ੫'-੩'', ੧੦+੨ ਤੇ ਸਿਲਾਈ ਕੋਰਸ ਪਾਸ, ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: ੩੭੦—੨੪ ਸਾਲਾ ਸਿੰਘ, ਕੱਦ ੫'-੧੦'', ਐਮ.ਏ. ਇੰਗਲਿਸ਼ ਦੇ ਪੇਪਰ ਦਿਤੇ ਹੋਏ, ਮਾਲਕ ਆਟਾ ਚੱਕੀ, ਲਈ ਵਿਦੇਸ਼ ਰਹਿੰਦੀ ਨਾਮ-ਅਭਿਆਸਣ ਬੀਬੀ ਦੀ ਲੋੜ ਹੈ ।

ਫ਼ਾਰਮ ਨੰ: ੩੭੧—ਇਕ ੨੫ ਸਾਲਾ ਹਾਇਰ ਸੈਕੰਡਰੀ ਆਈ. ਟੀ. ਆਈ, ਡਿਪਲੋਮਾ ਕਾਰਪੈਂਟਰ । ਰੋਡਵੇਜ਼ ਵਿਚ ਨੌਕਰੀ, ਲਈ ਕੇਸਕੀ ਸਹਿਤ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਪੁਰਾਣਾ ਫ਼ਾਰਮ ਨੰ: ੩੫੧—੨੭ ਸਾਲਾ ਬੀ. ਏ. ਗਿਆਨੀ ਪਾਸ ਬੀਬੀ, ਕੱਦ ੫'-੪'', ਕੀਰਤਨੀ ਤੇ ਕੰਪਿਊਟਰ ਡਿਪਲੋਮਾ ਪਾਸ, ਲਈ ਯੋਗ ਵਰ ਦੀ ਲੋੜ ਹੈ ।

ਪੁਰਾਣਾ ਫਾਰਮ ਨੰ: ੩੪੧—ਇਕ ਸਾਢੇ ੨੪ ਸਾਲਾ ਬੀਬੀ, ਕੱਦ ੪'-੮'', ਬੀ. ਏ. ਡਿਪਲੋਮਾ ਇਨ ਨਰਸਰੀ, ਲਈ ਅਖੰਡ ਕੀਰਤਨੀ ਜਥੇ ਵਿਚੋਂ ਵਰ ਦੀ ਲੋੜ ਹੈ ।

# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ) ੭-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੦੦ |
| ਖ਼ਾਲਸਾ ਰਹਿਤ ਮਰਯਾਦਾ (ਟਰੇਕਟ) | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰਮਤਿ ਅਨਹਦ ਸ਼ਬਦ | ,, | ੦-੫੦ |
| HAIR--A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੦੦ |

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤਗੁਰਮਤਿਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਅੰਧੇਰਾ | ੦-੩੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |



www.AKJ.Org

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ—

| | |
|---|---|
| ਸ: ਸੁਖਦੇਵ ਸਿੰਘ, ਛੇਹਰਟਾ | ੫੭-੦੦ |
| ਅਖੰਡ ਕੀਰਤਨੀ ਜਥਾ, ਕਲਕੱਤਾ | ੭੫੦੦-੦੦ |
| ਸ: ਰਵਿੰਦਰ ਸਿੰਘ, ਵੈਨਕੋਵਰ ਕੈਨੇਡਾ | ੪੯੦-੦੦ |
| ਸ:ਅਮਰਜੀਤ ਸਿੰਘ ਲਖਨਊ ਦੀ ਆਤਮ-ਸ਼ਾਂਤੀ ਲਈ | ੧੨੦-੦੦ |
| ਸਾਧ ਸੰਗਤ ਬ੍ਰਾਮਵਿਚ ਯੂ. ਕੇ. | ੨੯੦੦-੦੦ |
| ਬੀਬੀ ਬਲਬੀਰ ਕੌਰ ਸੁਰਿੰਦਰ ਸਿੰਘ ਰੈਡਿੰਗ | ੧੦੦੦-੦੦ |
| ਸਾਧ ਸੰਗਤ ਵਿਲਨ ਹਾਲ ਯੂ. ਕੇ. | ੬੪੦੦-੦੦ |
| ਸ: ਮਨਮੋਹਨ ਸਿੰਘ ਪਰਵਾਰ ਗਲੈਸਗੋ ਯੂ. ਕੇ. (ਤੇਜਿੰਦਰਪਾਲ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ) | ੫੦੦-੦੦ |
| ਬੀਬੀ ਸੁਰਿੰਦਰ ਕੌਰ HAYES ਯੂ. ਕੇ. (ਸਵਰਗਵਾਸੀ ਪਤੀ ਦੀ ਬਰਸੀ ਸਮੇਂ) | ੨੦੦੦-੦੦ |
| ਗਿ: ਪ੍ਰੀਤਮ ਸਿੰਘ ਜੋਗੀ, ਸਲੋਅ (ਪੋਤਰੇ ਦੀ ਖੁਸ਼ੀ) | ੨੭੫-੦੦ |
| ਸ: ਮਲਕੀਅਤ ਸਿੰਘ, ਸਲੋਅ ਯੂ. ਕੇ. | ੬੨੫-੦੦ |
| ਸ: ਹਰਜੀਤ ਸਿੰਘ, ਲੂਟਨ " | ੨੫੦-੦੦ |
| ਸ: ਜਗੀਰ ਸਿੰਘ, ਲਸਿਸਟਰ " | ੨੫੦੦-੦੦ |
| ਸ: ਪ੍ਰਦੰਮਨ ਸਿੰਘ, ਜਲੰਧਰ (ਗੋਲਕ ਫੰਡ) | ੧੦੦-੦੦ |
| ਡਾ: ਕੇਵਲਜੀਤ ਸਿੰਘ, ਅਮਰੀਕਾ | ੫੦੦-੦੦ |
| ਇਸਤ੍ਰੀ ਸਤਸੰਗ ਸਭਾ, ਹਾਲੈਂਡ | ੮੬੯੭-੮੭ |
| ਸਰਦਾਰਨੀ ਭਾਈ ਸਰਦਾਰ ਸਿੰਘ | ੧੦੦-੦੦ |
| ਸ: ਸੁਖਦੇਵ ਸਿੰਘ ਸਾਊਥਾਲ ਯੂ. ਕੇ. | ੭੫੦-੦੦ |
| ਸ: ਪਰਬੀਨ ਸਿੰਘ " " (ਰਾਜਵੀਰ ਦੇ ਪਾਠ ਦੇ ਭੋਗ ਸਮੇਂ) | ੧੨੫੦-੦੦ |
| ਸ: ਰਘਬੀਰ ਸਿੰਘ s/o ਸ: ਜੋਗਿੰਦਰ ਸਿੰਘ, ਸਲੋਅ | ੫੦੦-੦੦ |
| ਸ: ਸਤਵੰਤ ਸਿੰਘ, ਵੈਸਟ ਡਰਾਇਟਨ ਯੂ. ਕੇ. | ੩੭੫-੦੦ |
| ਬੀ: ਅਮਰਜੀਤ ਕੌਰ ਨਿਝਰ, ਸਲੋਅ ਯੂ. ਕੇ. | ੮੭੫-੦੦ |
| ਸ: ਦਇਆ ਸਿੰਘ, ਲਾਂਗਲੇ ਵਾਲੇ, ਸਲੋਅ ਯੂ.ਕੇ. | ੫੦੦੦-੦੦ |
| ਸ: ਸਾਧੂ ਸਿੰਘ, ਸਲੋਅ ਯੂ. ਕੇ. | ੭੫੦੦-੦੦ |
| ਬੀਬੀ: ਮਨਜੀਤ ਕੌਰ, ਹੰਸਲੋ ਯੂ. ਕੇ. | ੫੦੦-੦੦ |
| ਸ: ਬੇਅੰਤ ਸਿੰਘ, ਸਲੋਅ " | ੧੨੫੦-੦੦ |
| ਅਖੰਡ ਕੀਰਤਨੀ ਜਥਾ, ਕਲਕੱਤਾ (ਹੜ੍ਹ ਪੀੜਤ ਫੰਡ) | ੭੫੫੧-੦੦ |
| ਸਾਧ ਸੰਗਤ ਕੋਪਨਹੇਗਨ ਡੈਨਮਾਰਕ | ੫੨੦੩-੦੦ |
| ਇਕ ਸਿੰਘ ਲੁਧਿਆਣਾ ਰਾਹੀਂ ਭਾ:ਬਲਵੰਤਸਿੰਘ ਖਾਲਸਾ ਮਦਰਾਸੀ ਪਰਵਾਰ ਲਈ | ੫੦੦-੦੦ |
| ਸ: ਅਵਤਾਰ ਸਿੰਘ ਡਰਾਫਟਸਮੈਨ ਫਰੱਕਾ " " | ੧੦੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਦਲਜੀਤ ਕੌਰ ਪਤਨੀ ਸ: ਸਿਕੰਦਰ ਸਿੰਘ ਧਰਮੀ ਫੌਜੀ (ਪਤੀ ਜੇਲ੍ਹ ਵਿਚ, ਘਰ ਦੇ ਗੁਜ਼ਾਰੇ ਲਈ) | ੫੦੦-੦੦ |
| ਸ: ਗੁਰਤੇਜ ਸਿੰਘ ਧਰਮੀ ਫੌਜੀ ਨੌਰੰਗ (ਸਰਸਾ) (ਰਿਹਾਈ ਪਿਛੋਂ ਕੰਮ ਕਾਰ ਤੇ ਘਰੋਗੀ ਖਰਚਾਂ ਲਈ) | ੨੦੦੦-੦੦ |
| ਫੌਜੀ ਤੇ ਸ਼ਹੀਦੀ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ ੨+੬+੫+੨+੧+੮+੮+੨+੫=੩੯ | ੮੧੫੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਗੁਰਪੁਰਵਾਸੀ ਭਾਈ ਭਜਨ ਸਿੰਘ ਜੀ (ਮਦਰਾਸੀ ਪਰਵਾਰ) | ੧੦੦੦-੦੦ |

**22–24 ਸਤੰਬਰ ਅਖੰਡ ਪਾਠ ਉਪ੍ਰੰਤ ਕੀਰਤਨ ਭਾ: ਨਿਰਮਲ ਸਿੰਘ ਜੋਧਪੁਰ ਵਾਲੇ, ਉਦੋ ਨੰਗਲ ਲਿੰਕ ਰੋਡ, ਮੁਰਾਦ ਮਾਜਰਾ (ਮਸੀਂਗਣ ਬਰਾਸਤਾ ਪਟਿਆਲਾ) ਵਿਖੇ ੧੪ ਸਤੰਬਰ ਸਵੇਰੇ ਕੀਰਤਨ**

ਬੀਬੀ ਕਿਰਪਾਲ ਕੌਰ ਤੇ ਇਨਸਪੈਕਟਰ ਬਚਨ ਸਿੰਘ ਦੇ ਗ੍ਰਹਿ ਵਿਖੇ ਬੱਚੇ ਦੇ ਅਨੰਦ ਦੀ ਖੁਸ਼ੀ ਵਿਚ

**ਮੁੰਡੀ ਖਰੜ (ਨੇੜੇ ਖਰੜ) ਭਾ: ਗਿਆਨ ਸਿੰਘ ੨੩ ਸਤੰਬਰ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ**

## ਯੂ. ਕੇ. ਅਖੰਡ ਕੀਰਤਨੀ ਜਥੇ ਵਲੋਂ ਇੰਗਲੈਂਡ ਵਿਖੇ ਪ੍ਰੋਗਰਾਮ

(1) **ਇੰਟਰਨੈਸ਼ਨਲ ਪ੍ਰੋਗਰਾਮ** : ਕੀਰਤਨ ਰੈਣ ਸਬਾਈ ਮਿਤੀ 16-9-89 ਸ਼ਨੀਵਾਰ ਰਾਤ ਨੂੰ ਗੁਰਦਵਾਰਾ ਰਾਮਗੜ੍ਹੀਆ ਸਿਖ ਟੈਂਪਲ, ਬੋਲਟਨ ਰੋਡ, ਬਰੈਡਫੋਰਡ—2 ਵਿਖੇ।
ਫ਼ੋਨ ਸ: ਰਵਿੰਦਰ ਸਿੰਘ ਬਰੈਡਫੋਰਡ 390617, ਜਥੇਦਾਰ ਭਾਈ ਦੀਦਾਰ ਸਿੰਘ ਜੀ 0484-545165

(2) **ਲੋਕਲ ਪ੍ਰੋਗਰਾਮ** : 9 ਸਤੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ, ਬੀਬੀ ਦਲਜੀਤ ਕੌਰ, 24-ਬਕਿੰਘਮ ਐਵਿਨਿਊ ਈਸਟ, ਸਲੋਅ ਵਿਖੇ। ਫ਼ੋਨ 0753-824759, ਭਾਈ ਕਵਲ ਸਿੰਘ ਫ਼ੋਨ : 0753—76246

(3) **ਲੋਕਲ** : 22 ਤੋਂ 24 ਸਤੰਬਰ ਐਤਵਾਰ ਸ੍ਰੀ ਅਖੰਡ ਪਾਠ, ਭਾਈ ਬਲਬੀਰ ਸਿੰਘ, 42-ਡਡਲੀ ਰੋਡ, ਸਾਊਥਾਲ, ਫ਼ੋਨ : 01-843-1692

(4) **ਲੋਕਲ** : 6 ਤੋਂ 8 ਅਕਤੂਬਰ ਐਤਵਾਰ ਸ੍ਰੀ ਅਖੰਡ ਪਾਠ, ਭਾਈ ਬਚਨ ਸਿੰਘ ਵਲੋਂ ਬੱਚੇ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਗੁਰਦਵਾਰਾ ਸਿਖ ਟੈਂਪਲ, ਨਿਊ ਸਟਰੀਟ, ਲਮਿੰਗਟਨ ਵਿਖੇ।
ਫ਼ੋਨ ਗੁਰਦਵਾਰਾ 0926-24297, ਭਾਈ ਬਚਨ ਸਿੰਘ 0926-424296

## ਯੂ. ਕੇ. ਵਿਖੇ ਆਪਣੇ ਚੰਦੇ ਤੇ ਰਕਮਾਂ ਜਮ੍ਹਾ ਕਰਾਣ ਲਈ

**S. Gurnam Singh, 10—Lambourn Gardens, Early, Reading, Beiks, U K.**

www.AKJ.Org

# ਭਾਈ ਅਮਰਜੀਤ ਸਿੰਘ ਜੀ ਲਖ਼ਨਊ ਚਲ ਬਸੇ



ਭਾਈ ਅਮਰਜੀਤ ਸਿੰਘ ਜੀ ਬੜੇ ਨਿਤਨੇਮੀ ਤੇ ਸੰਤ-ਸੇਵੀ ਗੁਰੂ ਕੇ ਲਾਲ ਗੁਰਸਿਖ ਸਨ। ਆਪ ੨੪-੭-੮੯ ਨੂੰ ਬਸ-ਐਕਸੀਡੈਂਟ ਨਾਲ ਥਾਂ ਤੇ ਹੀ ਅਕਾਲ ਚਲਾਣਾ ਕਰ ਗਏ। ਪਹਿਲਾਂ ਆਪ ਨਿਰੰਕਾਰੀ ਪਰਵਾਰ ਵਿਚੋਂ ਸਨ; ਪਰ ਰੀ: ਸੂਬੇਦਾਰ ਮੇਜਰ ਭਾਈ ਮੇਵਾ ਸਿੰਘ ਜੀ ਦੇ ਲਗਾਤਾਰ ਜਤਨਾਂ ਨਾਲ ਆਪ ਜੀ ਪਰਵਾਰ ਸਮੇਤ ਅੰਮ੍ਰਿਤ ਪਾਨ ਕਰਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਆਪ ਬੜੇ ਮਿਠ-ਬੋਲੇ ਸਨ ਅਤੇ ਕੀਰਤਨ ਸਮੇਂ ਮਿਠਾਸ ਹੀ ਮਿਠਾਸ ਵੰਡਦੇ ਸਨ। ਆਪ ਦੇ ਬੱਚੇ ਬੱਚੀਆਂ ਵੀ ਸੁੰਦਰ ਦਸਤਾਰਾਂ ਸਜਾਂਦੇ ਅਤੇ ਕੀਰਤਨ ਕਰਦੇ ਹਨ। ਆਪ ਜੀ ਦੇ ਮਾਤਾ ਨੂੰ ਛਡ ਕੇ ਬਾਕੀ ਸਾਰਾ ਪਰਵਾਰ (ਪਿਤਾ ਜੀ, ਸਿੰਘਣੀ, ਦੋ ਲੜਕੇ ਤੇ ਦੋ ਲੜਕੀਆਂ) ਅੰਮ੍ਰਿਤਧਾਰੀ ਹੈ। ਆਪ ਦਸਵੰਧ ਦੀ ਮਾਇਆ ਗੁਰੂ-ਲੇਖੇ ਲਾਉਣ ਲਈ ਸਦਾ ਸੁਚੇਤ ਰਹਿੰਦੇ। ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।

# ਦਿਲੀ ਸਾਲਾਨਾ ਕੀਰਤਨ ਸਮਾਗਮ

## ਸ਼ਨੀਵਾਰ ੭ ਅਕਤੂਬਰ ਸਵੇਰ ਤੋਂ ੧੦ ਅਕਤੂਬਰ ੧੯੮੯ ਮੰਗਲਵਾਰ ਸਵੇਰ ਤਕ

| | | |
|---|---|---|
| ੭-੧੦-੮੯ | ਸਵੇਰ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਕ | ਸ਼ਾਮ ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿਲੀ |
| ੮-੧੦-੮੯ | ,, ,, ਬੰਗਲਾ ਸਾਹਿਬ, ਨਵੀਂ ਦਿਲੀ | ,, ,, ਬੰਗਲਾ ਸਾਹਿਬ, ,, |
| ੯-੧੦-੮੯ | ,, ,, ਬੰਗਲਾ ਸਾਹਿਬ ,, | ਰੈਣ ਸਬਾਈ ਗੁਰਦੁਆਰਾ ਰਕਾਬਗੰਜ ਹਾਲ ਵਿਚ |

ਅੰਮ੍ਰਿਤ-ਸਿੰਚਾਰ ੯ ਅਕਤੂਬਰ ਸ਼ਾਮ ੪ ਵਜੇ ਗੁ: ਰਕਾਬਗੰਜ (੧੦ ਅਕਤੂਬਰ ਸਵੇਰੇ ਸਮਾਪਤੀ)

ਰਿਹਾਇਸ਼ ਤੇ ਲੰਗਰ—ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਦਿਲੀ

## ਬਟਾਲਾ ਵਿਖੇ ਸਲਾਨਾ ਅਖੰਡਪਾਠ ਅਤੇ ਰੈਣ ਸਬਾਈ ਕੀਰਤਨ

੭ ਸਤੰਬਰ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰੂ ਨਾਨਕ ਸੈ: ਸਕੂਲ ਵਿਖੇ ਅਤੇ ਸ਼ਾਮ ਨੂੰ ੭ ਤੋਂ ੯ ਸੋਦਰ ਦੀ ਚੌਕੀ। ੮ ਸਤੰਬਰ ਸਵੇਰੇ ੫ ਤੋਂ ੯ ਕੀਰਤਨ ਗੁਰੂ ਨਾਨਕ ਸਕੂਲ ਵਿਖੇ, ਸ਼ਾਮ ਨੂੰ ਸੋਦਰ ਦੀ ਚੋਕੀ ਗੁਰਦੁਆਰਾ ਗੁਰੂ ਤੇਗ ਬਹਾਦਰ, ਗੁਰੂ ਨਾਨਕ ਨਗਰ ਵਿਖੇ। ੯ ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸਾਮ ਨੂੰ ਸੋਦਰ ਦੀ ਚੌਕੀ ਉਪਰੰਤ ਰੈਣ ਸਬਾਈ ਕੀਰਤਨ ਅਰੰਭ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ।

ਰਿਹਾਇਸ਼ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਗੁਰੂ ਨਾਨਕ ਨਗਰ। ਦਾਸਰੇ : ਅਖੰਡ ਕੀਰਤਨੀ ਜਥਾ, ਜ਼ਿਲਾ ਗੁਰਦਾਸਪੁਰ

## ਗੁਰਦੁਆਰਾ ਪਾਤਸ਼ਾਹੀ ਛੇਵੀਂ ਪੁਲ ਪੁਖ਼ਤਾ (ਪੱਕਾ ਪੁਲ) ਵਿਖੇ ਸਾਲਾਨਾ ਗੁਰਮਤਿ ਸਮਾਗਮ

ਅਖੰਡ ਕੀਰਤਨੀ ਜਥਾ ਟਾਂਡਾ ਦਸੂਹਾ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ੧੪-੯-੮੯ ਨੂੰ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ, ੧੬ ਸਤੰਬਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ਉਪਰੰਤ ਨਗਰ ਕੀਰਤਨ, ੬ ਵਜੇ ਸ਼ਾਮ ਅੰਮ੍ਰਿਤ ਸਿੰਚਾਰ ਅਤੇ ਸੋਦਰ ਦੀ ਚੌਕੀ ਤੇ ਰੈਣ ਸਬਾਈ ਕੀਰਤਨ।

# ਦਿਲੀ ਵਿਚ 'ਸੂਰਾ' ਮਾਸਕ ਪੱਤਰ ਦੇ ਚੰਦੇ ਜਮ੍ਹਾ ਕਰਾਓ

ਦਿਲੀ ਦੇ ਪਾਠਕਾਂ ਦੀ ਸਹੂਲਤ ਲਈ ਦਿਲੀ ਵਿਚ ਚੰਦੇ ਜਮ੍ਹਾ ਕਰਾਉਣ ਲਈ ਪ੍ਰਬੰਧ ਕਰ ਦਿਤਾ ਗਿਆ ਹੈ। ਦਿਲੀ ਦੇ ਲੋਕਲ ਅਖੰਡ ਕੀਰਤਨ ਸਮਾਗਮਾਂ ਸਮੇਂ ਜਾਂ ਹੇਠ ਲਿਖੇ ਪਤੇ ਤੇ ਚੰਦੇ ਆਦਿ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕਰੋ ਜੀ—

**ਭਾਈ ਹਰਦਿਤ ਸਿੰਘ ਜੀ, ੩੫-ਏ, ਫ਼ਤਹ ਨਗਰ, ਨਵੀਂ ਦਿਲੀ-੧੮**

'ਸੂਰਾ' ਮੰਥਲੀ, ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org